# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਬੇਦ ਕਤੇਬ ਅਗੋਚਰਾ, ਵਾਹਿਗੁਰੂ ਗੁਰ ਸਬਦੁ ਸੁਣਾਇਆ ॥

ਵਾਰ ੧੩, ਪਉੜੀ ੨

ੴ

# ਵਾਹਿਗੁਰੂ

ਅਪ੍ਰੈਲ ੧੯੮੭ APRIL 1987

www.AKJ.Org

# ਤਤਕਰਾ


| | | |
|---|---|---|
| ਵੈਸਾਖੁ ਸੁਹਾਵਾ ਤਾਂ ਲਗੈ | ੩ | ਮਾਝ ਮਹਲਾ ੫ |
| ਸ੍ਰੀ ਅਕਾਲ ਪੁਰਖ ਕਾ ਖਾਲਸਾ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਮੁਸੀਬਤ ਸਮੇਂ ਖਾਲਸਈ ਕਰਤੱਵ | ੫ | ਸ: ਕਰਮ ਸਿੰਘ ਜੀ ਹਿਸਟੋਰੀਅਨ |
| ਗੁਰੂ ਦਾ ਸਿੱਖ ਕੌਣ ਹੈ ? | ੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਦਮ ਦਮ ਨਾਮ ਸੰਭਾਲ ਪ੍ਰਭੂ ਦਾ (ਦੋ ਰੁਬਾਈਆਂ) | ੧੦ | ਸ: ਤੇਗ ਬਹਾਦਰ ਸਿੰਘ ਤੇਗ |
| ਖ਼ਾਲਸੇ ਦਾ ਭਾਵ ਅਰਥ | ੧੧ | ਡਾਕਟਰ ਤਾਰਨ ਸਿੰਘ ਜੀ |
| ਵਾਹਿਗੁਰੂ ਜੀ ਕਾ ਖਾਲਸਾ | ੧੩ | ਪ੍ਰੋਫ਼ੈਸਰ ਪੂਰਨ ਸਿੰਘ ਜੀ |
| ਜਲ੍ਹਿਆਂ ਵਾਲੇ ਬਾਗ਼ ਦਾ ਖ਼ੂਨੀ ਸਾਕਾ | ੧੯ | ਪ੍ਰੋਫ਼ੈਸਰ ਠਾਕਰ ਸਿੰਘ ਜੀ |
| ਗੁਰ-ਸਿਖੀ ਜ਼ਬਤ (Discipline) | ੨੦ | ਭਾਈ ਨਰੈਣ ਸਿੰਘ ਜੀ ਐਮ. ਏ. |
| ਕਲਾ-ਕ੍ਰਿਸ਼ਮੀਏ ਅਖੰਡਪਾਠੀ (ਕਾਵਿ) | ੨੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਖਾਲਸਾ ਸਾਜਣ ਦਾ ਦ੍ਰਿਸ਼ (ਕਵਿਤਾ) | ੨੫ | ਗਿ: ਗੋਪਾਲ ਸਿੰਘ ਜੀ ਮਿਤਰ |
| ਖਾਲਸੇ ਦਾ ਜਨਮ ( ,, ) | ੨੬ | ਸ: ਅਤਰ ਸਿੰਘ ਜੀ ਨੀਰ |
| ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ | ੨੭ | ਡਾਕਟਰ ਹਰਚਰਨ ਸਿੰਘ ਜੀ |
| ਪਹਿਲਾ ਘਲੂਘਾਰਾ (੫) | ੩੦ | ਕੈਪਟਿਨ ਸਵਰਨ ਸਿੰਘ ਜੀ |
| ਵਿਸਾਖੀ ਦਾ ਓਹੋ ਜਲਵਾ (ਗ਼ਜ਼ਲ) | ੩੬ | ਸ: ਉਜਾਗਰ ਸਿੰਘ ਜੀ 'ਉਲਫ਼ਤ' |
| ਹਰ ਕੀ ਪੌੜੀ ਤੋਂ ਹਰਿਮੰਦਰ ਸਾਹਿਬ ਤਕ | ੩੭ | ਸ: ਮਨਜੀਤ ਸਿੰਘ ਜੀ |


| | | | |
|---|---|---|---|
| ਸ੍ਰੀ ਗੁਰੂ ਅੰਗਦ ਸਾਹਿਬ ਜੋਤੀ ਜੋਤਿ | ੨ ਅਪ੍ਰੈਲ | ਸ੍ਰੀ ਗੁਰੂ ਤੇਗ ਬਹਾਦਰ ਜੀ ਅਵਤਾਰ | ੧੮ ਅਪ੍ਰੈਲ |
| ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੋਤੀ ਜੋਤਿ | ੩ ,, | ਸ੍ਰੀ ਗੁਰੂ ਅਰਜਨ ਦੇਵ ਜੀ ਅਵਤਾਰ | ੨੦ ,, |
| ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੋਤੀ ਜੋਤਿ | ੧੨ ,, | ਸ੍ਰੀ ਗੁਰੂ ਅੰਗਦ ਦੇਵ ਜੀ ਅਵਤਾਰ | ੨੯ ,, |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਗੱਦੀ | ੧੨ ,, | ਵੈਸਾਖੀ—ਖਾਲਸੇ ਦਾ ਜਨਮ | ੧੪ ,, |

**ਥਾਂ ਦੀ ਥੁੜ ਕਾਰਨ ਪੀੜਤ ਪ੍ਰਵਾਰਾਂ ਲਈ ਪੁਜੀ ਅਤੇ ਦਿਤੀ ਗਈ ਸਹਾਇਤਾ ਆਉਂਦੇ ਮਹੀਨੇ ਦੇ ਸਕਾਂਗੇ**

## ਸ੍ਰੀ ਅੰਮ੍ਰਿਤਸਰ ਹਫਤਾਵਾਰੀ ਐਤਵਾਰ ਦੇ ਕੀਰਤਨ-ਪ੍ਰੋਗਰਾਮ (ਸਵੇਰੇ ੬ ਤੋਂ ੧੧ ਤਕ)

| | | |
|---|---|---|
| ੫ | ਅਪ੍ਰੈਲ | ਭਾਈ ਸੂਰਤ ਸਿੰਘ (ਪੂਰਨ ਜੀ) ਤੇ ਬੀਬੀ ਭੂਪਿੰਦਰ ਕੌਰ, ੩੭ ਬ੍ਰਹਮ ਬੂਟਾ ਮਾਰਕੀਟ |
| ੧੨ | ,, | ਗੁਰਦਵਾਰਾ ਸ੍ਰੀ ਬਿਬੇਕਸਰ ਸਾਹਿਬ (ਵੈਸਾਖੀ ਪੁਰਬ, ਸੈਂਟਰਲ ਸਮਾਗਮ) |
| ੧੯ | ,, | ਭਾ: ਗੁਰਸ਼ਰਨ ਸਿੰਘ ਜਸਵੰਤ ਸਿੰਘ, ਮਕਾਨ ਨੰ: ੧੧੬੯/੧, ਚੌਕ ਰਾਮ ਬਾਗ, ਹਲਵਾਈ ਦੇ ਉਪਰ |
| ੨੬ | ,, | ਭਾ: ਖੇਮ ਸਿੰਘ ਬਜ਼ਾਜ਼, ਮਕਾਨ ਨੰ: ੨੨੭੩/੭, ਗਲੀ ਮਜਤ ਖੂਹ, ਚਕ ਮੋਨੀ, ਨੇੜੇ ਅਬਲਵਾਈਆਂ ਹਵੇਲੀ |
| ੩ | ਮਈ | ਡਾ: ਜਗਜੀਤ ਸਿੰਘ ਡਾ: ਪਰਮਜੀਤ ਸਿੰਘ, ੧੦-ਗੋਲਡਨ ਐਵੇਨਿਊ, ਨੇੜੇ ਰਾਮ ਤੁਲਾਈ |

**ਗੁਆਚੀਆਂ ਵਸਤਾਂ ਲਭੀਆਂ**—ਅਨੰਦਪੁਰ ਸਾਹਿਬ ਹੋਲੇ ਸਮਾਗਮ ਸਮੇਂ ਇਕ ਐਨਕ, ਚਾਬੀਆਂ ਦਾ ਗੁੱਛਾ ਅਤੇ ਕੁਝ ਮਾਇਆ ਸ੍ਰੀ ਅਖੰਡਪਾਠ ਅਸਥਾਨ ਤੋਂ ਮਿਲੀ ਹੈ। ਵੇਰਵਾ ਦਸ ਕੇ ਲਓ —ਭਾ: ਹਰਮਹਿੰਦਰ ਸਿੰਘ ਗੋਬਿੰਦਪੁਰੀ, ਸਿਖ ਨੈਸ਼ਨਲ ਕਾਲਜ, ਬੰਗਾ


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੪-੮੭ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 51847 ਘਰ 43094


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ਸ੍ਰੀ ਅੰਮ੍ਰਿਤਸਰ

ਮਾਸਕ ਪੱਤਰ

**ਸਾਲਾਨਾ ਚੰਦਾ**

ਦੇਸ ੧੫-੦੦

ਇਕ ਪਰਚਾ ੦-੫੦

**ਪਰਦੇਸ (ਸਾਰੇ ਦੇਸ)**

**ਸਾਲਾਨਾ ਚੰਦਾ**

ਸਮੁੰਦਰੀ ਡਾਕ ੪੮-੦੦

ਹਵਾਈ ਡਾਕ ੧੦੦-੦੦

Foreign Subscription

Sea Mail 40 00

Air Mail 100-00

**ਅਮਾਨਤੀ**

**ਲਾਈਫ ਮੈਂਬਰ**

ਦੇਸ ੧੫੦-੦੦

ਪਰਦੇਸ (ਸਾਰੇ ਦੇਸ)

ਸਮੁੰਦਰੀ ਡਾਕ ੪੦੦-੦੦

ਹਵਾਈ ਡਾਕ ੧੦੦੦-੦੦

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੨੧ ਅਪ੍ਰੈਲ ੧੯੮੭ ਅੰਕ ੪

## ਵੈਸਾਖੁ ਸੁਹਾਵਾ ਤਾਂ ਲਗੈ

ਵੈਸਾਖਿ ਧੀਰਨਿ ਕਿਉ ਵਾਢੀਆ[1] ਜਿਨਾ [2]ਪ੍ਰੇਮ-ਬਿਛੋਹੁ ॥
ਹਰਿ ਸਾਜਨ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
ਪੁਤ੍ਰ ਕਲਤ੍ਰ[3] ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
[4]ਪਲਚਿ ਪਲਚਿ ਸਗਲੀ[5] ਮੁਈ ਝੂਠੈ ਧੰਧੈ ਮੋਹੁ ॥
ਇਕਸੁ ਹਰਿ ਕੇ ਨਾਮ ਬਿਨੁ [6]ਅਗੈ ਲਈਅਹਿ ਖੋਹਿ ॥
ਦਯੁ[7] ਵਿਸਾਰਿ ਵਿਗੁਚਣਾ[8] ਪ੍ਰਭ ਬਿਨੁ ਅਵਰੁ ਨ ਕੋਇ ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥
ਵੈਸਾਖੁ ਸੁਹਾਵਾ ਤਾਂ ਲਗੈ ਜਾਂ [9]ਸੰਤੁ ਭੇਟੈ ਹਰਿ ਸੋਇ ॥ ੩ ॥

[ਬਾਰਹ ਮਾਹਾ ਮਾਂਝ ਮਹਲਾ ੫

੧. ਵਾਢੀਆਂ, ਪ੍ਰਭੂ ਤੋਂ ਵਿਛੜੀਆਂ ਹੋਈਆਂ ਜੀਵ-ਇਸਤ੍ਰੀਆਂ । ੨. ਪ੍ਰਭੂ-ਪ੍ਰੇਮ ਤੋਂ ਵਿਛੜੇ ਹੋਏ, ਸਖਣੇ । ੩. ਇਸਤ੍ਰੀ । ੪. ਖੁਆਰ ਹੋ ਹੋ ਕੇ । ੫. ਸਾਰੀ ਲੁਕਾਈ । ੬. ਹੋਰ ਸਭ ਕਰਮ ਧਰਮ ਖੋਹ ਲਏ ਜਾਂਦੇ ਹਨ । ੭ ਵਾਹਿਗੁਰੂ । ੮. ਖ਼ਰਾਬ ਹੋਣਾ ਹੈ । ੯. ਹਰੀ-ਸੰਤ ਮਿਲ ਪਵੇ ।



www.AKJ.Org

# ਸ੍ਰੀ ਅਕਾਲ ਪੁਰਖ ਕਾ ਖਾਲਸਾ

[ ਗੁਰ ਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ ]

ਗੁਰੂ ਦਸਮ ਪਾਤਸ਼ਾਹ ਨੇ ਵੈਸਾਖੀ ਵਾਲੇ ਦਿਨ ਖਾਲਸਾ ਪ੍ਰਗਟ ਕੀਤਾ। ਜਿਸ ਦੇ ਪ੍ਰਗਟ ਕਰਨ ਦਾ ਹੁਕਮ ਅਕਾਲ ਪੁਰਖ ਵਲੋਂ ਹੋਇਆ। ਇਹ ਖਾਲਸਾ ਅਕਾਲ ਪੁਰਖ ਦੀ ਮਉਜ ਤੋਂ ਪ੍ਰਗਟ ਹੋਇਆ ਅਤੇ ਅਕਾਲ ਪੁਰਖ ਦੀ ਅਕਾਲੀ ਫ਼ੌਜ ਕਹਾਇਆ। ਤਦੇ ਗੁਰੂ ਦਸਮ ਪਾਤਸ਼ਾਹ ਦਾ ਵਾਕ ਹੈ :–

ਖਾਲਸਾ ਅਕਾਲ ਪੁਰਖ ਕੀ ਫੌਜ।
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।

ਐਸੇ ਅਕਾਲ ਪੁਰਖ ਦੇ ਖਾਲਸੇ ਦਾ ਲਛਣ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਉਂ ਕੀਤਾ ਹੈ :–

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥੪॥੩॥

[ਸੋਰਠਿ ਕਬੀਰ ਜੀ, ਪੰਨਾ ੬੫੪

ਇਸ ਭਾਵ ਨੂੰ ਗੁਰੂ ਦਸਮ ਪਾਤਸ਼ਾਹ ਜੀ ਨੇ ੩: ਸਵੱਈਆਂ ਵਿਚ ਇਉਂ ਦਸਿਆ ਹੈ :–

ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸਾ ਤਾਹਿ ਨਖਾਲਸ ਜਾਨੈ ॥

'ਪ੍ਰੇਮ ਭਗਤਿ ਜਿਹ ਜਾਨੀ' ਵਾਲੀ ਬਿਵਸਥਾ ਵਾਲਾ 'ਪੂਰਨ ਜੋਤਿ ਜਗੈ ਘਟ ਮੈ' ਦੇ ਜਗਮਗੀ ਰੰਗਾਂ ਵਾਲਾ ਹੀ ਖਾਲਸਾ ਹੈ। ਅੰਮ੍ਰਿਤ ਛਕਣ ਸਮੇਂ ਦੇ ਦ੍ਰਿੜ੍ਹਾਏ ਹੁਕਮਾਂ ਸੰਬੰਧੀ ਰਹਿਤ-ਰਹਿਣੀਆਂ ਦੇ ਕਮਾਵਣਹਾਰਾ ਹੀ ਖਾਲਸਾ ਹੈ। ਇਸ ਬਿਬੇਕ-ਕਮਾਈ ਨੂੰ, ਪ੍ਰੇਮ ਨੇਮ ਸੰਯੁਕਤ ਨਿਬਾਹ ਕੇ ਨਾਮ ਰੂਪੀ ਸਾਰ-ਬਿਬੇਕ ਕਮਾਈ ਨੂੰ ਪ੍ਰੇਮ-ਭਗਤੀ ਦੇ ਰੰਗਾਂ ਵਿਚ ਸਿਰੇ ਚੜ੍ਹਾਉਣ ਵਾਲਾ ਹੀ ਖਾਲਸਾ ਹੈ। ਅਤੇ ਪੂਰਨ ਗਿਆਨ-ਕਲਾ ਵਿਚ ਖੇਡਣਹਾਰੇ ਖਾਲਸਾ ਜਨ ਹੀ ਖਾਲਸਾ ਬਿਬੇਕ ਕਮਾਈ ਦੇ ਧਨੀ ਹਨ। ਪੂਰਨ ਗਿਆਨ ਅਵਸਥਾ ਵਿਚ ਵੀ ਨਾਮ ਬਿਬੇਕ ਦੀ ਸਹਿਜ ਕਮਾਈ ਬਣੀ ਰਹਿੰਦੀ ਹੈ। ਯਥਾ ਗੁਰਵਾਕ :–

ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ...॥੧੦॥੬॥੨੩।

[ਸਿਰੀਰਾਗੁ ਮ: ੩ ਅਸਟ, ਪੰਨਾ ੬੮

ਤਥਾ :– ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ ॥
ਕਹੁ ਨਾਨਕ ਜਪਿ ਜੀਵੇ ਗਿਆਨੀ ॥੨॥੨॥੨੦॥ [ਬਿਲਾਵਲੁ ਮ: ੫, ਪੰਨਾ ੮੦੬

ਨਾਮ-ਬਿਬੇਕ ਕਮਾਈ ਦਾ ਬਿਨਾਸ ਕਿਸ਼ੇ ਹਾਲਤ ਅੰਦਰ ਵੀ ਨਹੀਂ ਹੁੰਦਾ। ਇਸ ਰਹਿਤ-ਰਹਿਣੀ ਸੰਯੁਕਤ ਨਾਮ ਸਾਰ ਬਿਬੇਕ ਕਰਨੀ ਕਮਲ ਜਮਾਲ ਕਾ ਕਮਾਲ ਕੇਵਲ ਗੁਰੂ ਘਰ ਵਿਚ ਹੀ ਹੈ। ਬ੍ਰਹਮਾ ਦਾ ਅਵਤਾਰ ਭਿੱਖਾ ਭੱਟ ਜਦੋਂ ਸੱਚੇ ਗੁਰੂ ਸੰਤ ਦੀ ਟੋਲ ਵਿਚ ਫਿਰਦਾ ਹੋਇਆ ਗੁਰੂ ਕੀ ਸ਼ਰਣ ਆਇਆ ਤਦ ਉਸ ਨੂੰ ਪ੍ਰਤੀਤ ਆਈ। ਜੈਸਾ ਕਿ ਉਸ ਦੀ ਆਪਣੀ ਗੁਰੂ ਗਿਆਨ ਅਨਭਵੀ ਬਾਣੀ ਸਾਖਾ ਭਰਦੀ ਹੈ। ਯਥਾ :–

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥
ਹਰਿਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥

ਸਵਈਏ ਮਹਲੇ ਤੀਜੇ ਕੇ, ਪੰਨਾ ੧੩੯੫-੯੬



www.AKJ.Org

ਏਸੇ ਗੁਰਮਤਿ ਬਿਬੇਕ ਦੇ ਆਦਰਸ਼ ਨੂੰ ਮੁਖ ਰਖਦੇ ਹੋਏ "ਗੁਰਸਿਖ ਮੀਤ ਚਲਹੁ ਗੁਰ ਚਾਲੀ"† ਵਾਲੀ ਧਾਰਨਾ ਦੇ ਰਾਹਤਵਾਨ ਬਿਬੇਕੀ ਖਾਲਸਾ ਸ੍ਰੀ ਗੁਰ ਦਰਸਾਈ ਤੇ ਦ੍ਰਿੜ੍ਹਾਈ ਰਹਿਤ ਨੂੰ ਤਨੋਂ ਮਨੋਂ ਕਮਾਉਂਦੇ ਹਨ। ਐਸੇ ਗੁਰਸਿਖਾਂ ਪ੍ਰਥਾਇ ਹੀ ਗੁਰੂ ਦਸਮ ਪਾਤਸ਼ਾਹ ਦਾ ਇਹ ਫੁਰਮਾਨ ਹੈ :–

ਰਹਿਣੀ ਰਹੇ ਸੋਈ ਸਿਖ ਮੇਰਾ ॥ ਉਹ ਸਾਹਿਬ ਮੈ ਉਸ ਕਾ ਚੇਰਾ ॥

ਧੰਨ ਗੁਰੂ ਸਾਹਿਬ ! ਆਪਣੇ ਆਗਿਆਕਾਰੀ ਰਹਿਤਵਾਨ ਸਿੱਖਾਂ ਨੂੰ ਕਿੱਡੀ ਵਡਿਆਈ ਦਿੰਦੇ ਹਨ। ਏਵਡ ਵਡੀ ਵਡਿਆਈ ਗੁਰੂ ਕੀ ਰਹਿਤ ਨੂੰ ਹੈ, ਤੇ ਇਸ ਰਹਿਤ ਨਾਲ ਸੀਂਗਾਰੇ ਸਿੱਖ ਨੂੰ ਹੈ। ਸੋ ਗੁਰੂ ਹੁਕਮਾਈ ਰਹਿਤ ਪਰ ਚਲਣਾ ਹਰੇਕ ਸਿੰਘ, ਸੁਚਿਆਰ ਸਿੰਘ ਦਾ ਧਰਮ, ਭਾਵ ਫ਼ਰਜ਼ ਹੈ ; ਚਾਹੇ ਕਿਤਨੀ ਭੀ ਕਠਨਾਈ ਪੇਸ਼ ਆਵੇ। ਗੁਰੂ-ਹੁਕਮਾਂ ਪਰ ਚਲਣਾ ਤੇ ਗੁਰ-ਬਚਨਾਂ ਨੂੰ ਕਮਾਵਣਾ ਸੱਚਾ ਗੁਰਮਤਿ-ਬਿਬੇਕ ਹੈ। ਰਹਿਤ-ਰਹਿਣੀਓਂ ਊਰਾ ਗਿਆਨ-ਬਿਬੇਕ ਗੁਰਮਤਿ ਅੰਦਰ ਪਰਵਾਨ ਨਹੀਂ। ਨਿਰਾ ਕਥਨੀ ਦੁਆਰਾ ਗਿਆਨ, ਤੇ ਰਹਿਤ ਨਾ ਰਖਣਾ ਇਹ ਮਨਮੁਖਤਾਈ ਦੇ ਲੱਛਣ ਕੁਲਛਣ ਹਨ।

ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥
ਸਾਚੀ ਰਹਤ ਸਾਚਾ ਮਨਿ ਸੋਈ ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ...॥ ੩ ॥ (੮॥੧)

ਬਿਲਾਵਲੁ ਅਸਟ: ਮ: ੧, ਪੰਨਾ ੮੩੧

ਰਹਿਤ-ਰਹਿਣੀ ਦੇ ਕਿਸੇ ਅੰਗ ਨੂੰ ਭੰਗ ਕਰਨਾ ਸਿੱਖੀ ਸਿਦਕ ਦੇ ਰੰਗ ਨੂੰ ਭੰਗ ਕਰਨਾ ਹੈ।

['ਗੁਰਮਤਿ ਵਿਚਾਰ' ਪੁਸਤਕ ਵਿਚੋਂ

† ਧਨਾਸਰੀ ਮ: ੪, ॥੪॥੪॥ ਪੰਨਾ ੬੬੭

# ਮੁਸੀਬਤ ਸਮੇਂ ਖਾਲਸਈ ਕਰਤੱਵ

[ ਸ: ਕਰਮ ਸਿੰਘ ਜੀ ਹਿਸਟੋਰੀਅਨ ]

ਖਾਲਸੇ ਦਾ ਜਨਮ ਮੁਸੀਬਤ ਦੇ ਸਮੇਂ ਹੋਇਆ ਸੀ, ਇਸ ਲਈ ਖਾਲਸਾ ਕਦੇ ਮੁਸੀਬਤ ਤੋਂ ਨਹੀਂ ਘਬਰਾਇਆ। ਸਮੇਂ ਦਾ ਕੰਮ ਹੈ ਆਉਂਦਾ ਹੈ ਅਤੇ ਤੁਰ ਜਾਂਦਾ ਹੈ, ਸਮਾਂ ਕਦੇ ਖੜੋਤਾ ਨਹੀਂ ਰਹਿੰਦਾ। ਇਸੇ ਤਰ੍ਹਾਂ ਮੁਸੀਬਤ ਕਦੇ ਖੜੋਤੀ ਨਹੀਂ ਰਹਿ ਸਕਦੀ, ਆਉਂਦੀ ਹੈ ਅਤੇ ਤੁਰੀ ਜਾਂਦੀ ਹੈ।

ਇਕ ਸਿਆਣੇ ਦਾ ਕਥਨ ਹੈ ਕਿ ਜੇਕਰ ਮੁਸੀਬਤ ਨਾਲ ਮਖ਼ੌਲ ਕਰੀਏ ਤਾਂ ਮੁਸੀਬਤ ਦਾ ਅਸਰ ਘਟ ਜਾਂਦਾ ਹੈ। ਖਾਲਸੇ ਨੇ ਮੁਸੀਬਤ ਨੂੰ ਆਪਣੇ ਸਾਹਮਣੇ ਵੇਖਿਆ, ਅਤੇ ਉਸ ਨਾਲ ਰੱਜ ਕੇ ਮਖ਼ੌਲ ਕੀਤਾ, ਜਿਸ ਕਰਕੇ ਖਾਲਸੇ ਉਤੇ ਮੁਸੀਬਤ ਦਾ ਰਤਾ ਅਸਰ ਨਾ ਹੋਇਆ। ਮੁਸੀਬਤ ਨੇ ਖਾਲਸੇ ਦਾ ਲੰਗਰ ਬੰਦ ਕਰ ਦਿਤਾ, ਖਾਲਸੇ ਨੇ ਲੰਗਰ ਮਸਤ ਕਰ ਦਿਤਾ। ਮੁਸੀਬਤ ਨੇ ਖਾਲਸੇ ਪਾਸੋਂ ਬਦਾਮ ਖੋਹ ਕੇ ਮੁੱਠ ਮੁੱਠ ਛੋਲੇ ਹਵਾਲੇ ਕੀਤੇ, ਖਾਲਸੇ ਨੇ ਉਸੇ ਨੂੰ ਬਦਾਮ ਬਣਾ ਲਿਆ। ਸਮੇਂ ਨੇ ਖਾਲਸੇ ਨੂੰ ਸਭ ਤਰ੍ਹਾਂ ਦੇ ਦੁਖ ਦਿਤੇ, ਪਰ ਖਾਲਸਾ ਸਦਾ ਚੜ੍ਹਦੀਆਂ ਕਲਾਂ ਵਿਚ ਰਿਹਾ। ਹਰ ਮੁਸੀਬਤ ਸਮੇਂ ਉਸ ਨੇ ਜੈਕਾਰਾ ਗਜਾਇਆ। ਮੁਸੀਬਤ ਨੂੰ ਸਾਹਮਣੇ ਵੇਖ ਕੇ ਜੈਕਾਰਾ ਗਜਾਉਣਾ ਮੁਸੀਬਤ ਨੂੰ ਵੰਗਾਰਨਾ ਹੈ ਕਿ ਤੂੰ ਆਪਣਾ ਜ਼ੋਰ ਲਾ ਲੈ, ਅਸਾਂ ਚੜ੍ਹਦੀਆਂ ਕਲਾਂ ਵਿਚ ਹੀ ਰਹਿਣਾ ਹੈ। ਮੁਸੀਬਤ ਦਾ ਦਾਰੂ ਜੈਕਾਰਾ ਹੈ, ਇਹ ਭੇਤ ਖਾਲਸੇ ਨੇ ਜੰਗਲਾਂ ਵਿਚ ਰਹਿ ਕੇ ਲੱਭਾ ਸੀ। ਹਰ ਕੋਈ ਪਰਤਿਆ ਕੇ ਵੇਖ ਸਕਦਾ ਹੈ ਕਿ ਮੁਸੀਬਤ ਦੇ ਸਮੇਂ ਜੇਕਰ ਦਿਲ ਖੋਲ੍ਹ ਕੇ ਜੈਕਾਰਾ ਗਜਾਇਆ ਜਾਵੇ ਤਾਂ ਮੁਸੀਬਤ ਦਾ ਅਸਰ ਕਿਤਨਾ ਕੁ ਘਟ ਜਾਂਦਾ ਹੈ।

['ਅਮਰ ਖਾਲਸਾ' 'ਚੋਂ



www.AKJ.Org

# ਗੁਰੂ ਕਾ ਸਿੱਖ ਕੌਣ ਹੈ ?

[ ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ ]

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥

[ਸੋਰਠਿ ਮ: ੩, ਪੰਨਾ ੬੦੧-੨

ਸਿੱਖ ਮਤ ਉਤੇ ਕੋਰਾ ਵਿਸ਼ਵਾਸ ਰਖਣਾ ਕੁਛ ਹੋਰ ਚੀਜ਼ ਹੈ, ਗੁਰੂ ਕੇ ਹੁਕਮਾਂ ਦੇ ਅਨੁਸਾਰ ਚਲਣਾ, ਅਰਥਾਤ, ਗੁਰੂ ਦੇ ਭਾਣੇ ਅੰਦਰ ਵਰਤਣਾ ਕੁਛ ਹੋਰ ਗੱਲ ਹੈ। ਵਿਸ਼ਵਾਸ ਤਾਂ ਕੇਵਲ ਗਲੀਂ ਬਾਤੀਂ ਘਰ ਪੂਰਾ ਕਰ ਲੈਣ ਵਾਲੀ ਗੱਲ ਹੈ। ਗੁਰ-ਹੁਕਮਾਂ ਦੀ ਕਮਾਈ ਭਾਵੇਂ ਹੋਵੇ ਭਾਵੇਂ ਨਾ ਹੋਵੇ, ਸਿਖ ਮਤ ਦਾ ਧਾਰਨੀ ਭਾਵੇਂ ਹੋਵੇ ਭਾਵੇਂ ਨ ਹੋਵੇ, ਸਿਖ ਮਤ ਦੇ ਪਰਵਾਣ-ਕਰਤੇ ਨੂੰ ਸਿਖ ਮਤ ਦਾ ਧਾਰਨੀ ਨਹੀਂ ਕਹਿ ਸਕਦੇ। ਸੋ ਜਦ ਤਾਈਂ ਗੁਰੂ ਦੇ ਹੁਕਮ ਰਜਾਈ ਚਲਦਾ, ਵਰਤਦਾ ਹੋਇਆ ਕੋਈ ਪੁਰਸ਼ ਸਿਖ ਮਤ ਨੂੰ ਧਾਰਨ ਨਾ ਕਰ ਲਵੇ ਨਿਰੇ ਸਿਖ ਮਤ ਉਪਰ ਵਿਸ਼ਵਾਸ ਰੱਖਣ ਨਾਲ ਉਹ ਸਿਖ ਨਹੀਂ ਬਣ ਸਕਦਾ, ਕਿਉਂਕਿ ਸਿਖ ਤਾਂ ਓਹੋ ਹੀ ਹੈ, ਜੋ ਗੁਰੂ ਦੇ ਭਾਣੇ ਅੰਦਰ ਆਵੇ। ਨਹੀਂ ਆਪੋਂ ਸਿਖ ਸਦਵਾਉਣ ਨਾਲ ਕੋਈ ਸਿਖ ਕਿਵੇਂ ਬਣ ਸਕਦਾ ਹੈ ! ਜਦ ਉਪਰਲੇ ਗੁਰ ਪ੍ਰਮਾਣ ਦੀ ਦੂਜੀ ਤੁਕ "ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ" ਤੋਂ ਸਾਫ਼ ਸਿਧ ਹੈ ਕਿ ਆਪਣੇ ਭਾਣੇ ਅੰਦਰ ਚਲਣ ਵਾਲੇ, ਅਰਥਾਤ, ਆਪਣੀ ਕਥਨੀ ਬਦਨੀ ਦੁਆਰਾ ਆਪਣੇ ਆਪ ਵਿਚ ਕੁਛ ਸਿਖ ਬਣੇ ਫਿਰਨ ਵਾਲੇ ਸਤਿਗੁਰ ਤੋਂ ਵਿਛੜੇ ਹੋਏ ਹਨ ਅਤੇ ਪਏ ਭਰਮਦੇ ਭਟਕਦੇ ਫਿਰਦੇ ਹਨ, ਉਹ ਸਤਿਗੁਰ ਨਾਲ ਕੋਈ ਸੰਬੰਧ ਨਹੀਂ ਰਖਦੇ। ਸਤਿਗੁਰ ਦਾ ਸੰਬੰਧ ਕੇਵਲ ਉਹਨਾਂ ਪੁਰਸ਼ਾਂ ਨਾਲ ਹੀ ਹੈ, ਜੋ ਸਤਿਗੁਰ ਦੇ ਭਾਣੇ ਅੰਦਰ ਆ ਗਏ ਹੋਣ। ਜੋ ਗੁਰੂ ਦੇ ਹੁਕਮ ਰਜਾਈ ਚਲਣ ਵਾਲੇ ਹੋਣ। ਬਸ ਸਤਿਗੁਰ ਦੇ ਐਸੇ ਸਨਬੰਧੀ, ਅਰਥਾਤ, ਬੰਧਪ ਹੀ ਸਿਖ ਸਦਾ ਸਕਦੇ ਹਨ। ਆਪੋਂ ਕੋਈ ਆਪਣੇ ਆਪ ਨੂੰ ਸਿਖ ਨਹੀਂ ਸਦਾ ਸਕਦਾ। ਆਪਣੀ ਕਥਨੀ ਬਦਨੀ ਦਵਾਰਾ ਅੱਜ ਕਲ੍ਹ ਦੇ ਚੁੰਚ-ਗਿਆਨੀ ਆਪਣੇ ਆਪ ਨੂੰ ਕੇਵਲ ਸਿਖ ਹੀ ਨਹੀਂ ਸਦਾਉਂਦੇ, ਸਗੋਂ ਬ੍ਰਹਮ ਗਿਆਨੀ ਬਣੇ ਬੈਠੇ ਹਨ। ਪ੍ਰੰਤੂ ਅਜਿਹੇ ਕਥਨੀ ਦੇ ਚੁੰਚ-ਮੁਖੀਆਂ ਦੇ ਮੂੰਹ ਉਤੇ ਗੁਰਵਾਕ ਕਿਹੀ ਕਸਵੀਂ ਚਪੇੜ ਮਾਰਦਾ ਹੈ ! ਯਥਾ ਗੁਰਵਾਕ–

ਗਿਆਨੁ ਗਿਆਨੁ ਕਥੈ ਸਭੁ ਕੋਈ ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥
ਕਥਿ ਕਹਣੈ ਤੇ ਰਹੈ ਨਾ ਕੋਈ ॥ ਬਿਨੁ ਰਸ ਰਾਤੇ ਮੁਕਤਿ ਨ ਹੋਈ ॥ ੨ ॥
ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥ ੩ ॥ (ਪੰਨਾ ੮੩੧)

ਦੇਖਿਆ ! ਕੇਵਲ ਕਥਨੀ ਦਵਾਰਾ ਆਪਣੇ ਆਪ ਨੂੰ ਕੁਛ ਸਦਾਉਣ ਵਾਲਿਆਂ ਅਤੇ ਸੱਚੀ ਕਮਾਈ ਅਥਵਾ ਰਹਿਤ ਰਹਿਣੀ ਤੋਂ ਊਰੇ ਫਿਰਨ ਵਾਲਿਆਂ ਨੂੰ ਇਸ ਗੁਰਵਾਕ ਅੰਦਰ "ਮਨਮੁਖ" ਦਾ ਖ਼ਿਤਾਬ ਮਿਲਿਆ ਹੈ। ਸੋ ਆਪਣੇ ਆਪ ਵਿਚ ਹੀ ਸਿਖ ਬਣੇ ਫਿਰਨ ਵਾਲਾ 'ਸਿਖ' ਕਦਾਚਿਤ ਨਹੀਂ ਸਦਾ ਸਕਦਾ। ਉਹ ਮਨਮੁਖ ਹੈ, ਅਸਿਖ ਹੈ, ਨਿਗੋਸਾਇਆ ਹੈ, ਨਿਗੁਰਾ ਹੈ ਅਤੇ "ਸਤਿਗੁਰ ਬਾਝਹੁ ਗੁਰ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ" (੪੩੫) ਦੇ ਗੁਰਵਾਕ ਤੋਂ ਸਪਸ਼ਟ ਇਹ ਸਿਧ ਹੁੰਦਾ ਹੈ ਕਿ ਸਤਿਗੁਰ ਨਾਨਕ ਦੇਵ ਜੀ ਦੇ ਬਿਨਾਂ ਹੋਰ ਕੋਈ ਗੁਰੂ ਸੰਸਾਰ ਵਿਖੇ ਹੈ ਨਹੀਂ, ਅਤੇ ਇਸ ਸਚੇ ਗੁਰੂ ਦੇ ਧਾਰਨ ਕੀਤੇ ਬਿਨਾਂ ਪੁਰਸ਼ ਇਸ ਸੰਸਾਰ ਵਿਖੇ ਨਿਗੁਰਾ ਹੀ ਰਹਿੰਦਾ ਹੈ। ਅਜਿਹੇ ਨਿਗੁਰੇ, ਅਸਿਖ ਪੁਰਸ਼ ਦਾ ਨਾਉਂ ਹੀ ਬੁਰਾ ਹੈ, ਉਸ ਨੂੰ ਗੁਰੂ ਦਾ ਸਿਖ ਕਦੋਂ ਕਿਹਾ ਜਾ ਸਕਦਾ ਹੈ। ਉਹ ਤਾਂ ਸਦਾ ਆਪਣੇ ਭਾਣੇ ਅੰਦਰ ਚਲਦਾ ਹੈ ਅਤੇ ਵਿਛੜ ਵਿਛੜ ਚੋਟਾਂ ਖਾਂਦਾ ਹੈ, ਜੈਸੇ ਕਿ ਗੁਰਵਾਕ ਹੈ–



www.AKJ.Org

ਸੋ ਨਿਗੁਰਾ ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ ॥੨॥ (ਪੰਨਾ ੧੧੭)

ਹੁਣ "ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ" ਵਾਲੇ ਗੁਰ ਪ੍ਰਮਾਣ ਤੋਂ ਗੁਰਮਤਿ ਦਾ ਇਕ ਹੋਰ ਬੜਾ ਭਾਰੀ ਅਸੂਲ ਅਰੂੜ ਹੁੰਦਾ ਹੈ। ਉਹ ਇਹ ਹੈ ਕਿ ਯਦਪ ਸਤਿਗੁਰੂ ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਹੋਰ ਕੋਈ ਗੁਰੂ ਨਹੀਂ, ਸੋ ਸਿਖ ਪਦ ਭੀ ਕੇਵਲ ਉਹਨਾਂ ਉਤੇ ਹੀ ਘਟ ਸਕਦਾ ਹੈ ਜੋ ਕੇਵਲ ਗੁਰੂ ਨਾਨਕ ਦੇਵ ਦੇ ਹੀ ਸਿਖ ਹੋਣ। ਜੋ ਭੇਖੀ ਗੁਰੂ ਸੰਸਾਰ ਵਿਖੇ ਬਣੇ ਫਿਰਦੇ ਹਨ ਉਹਨਾਂ ਦੇ ਚਲੇ ਭੀ 'ਸਿਖ' ਸਦਾਉਣ ਦੇ ਅਧਿਕਾਰੀ ਨਹੀਂ। ਜੈਸਾ ਕਿ ਇਸ ਅਗਲੇ ਗੁਰਵਾਕ ਤੋਂ ਸਪੱਸ਼ਟ ਹੈ, ਯਥਾ ਗੁਰਵਾਕ–

ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ॥
ਕੂੜੁ ਕੁਸਤੁ ਕਮਾਵਦੇ ਪਰਨਿੰਦਾ ਸਦਾ ਕਰੇਨਿ ॥
ਓਇ ਆਪਿ ਡੁਬੇ ਪਰਨਿੰਦਕਾ ਸਗਲੇ ਕੁਲ ਡੋਬੇਨਿ ॥
ਨਾਨਕ ਜਿਤੁ ਓਇ ਲਾਏ ਤਿਤੁ ਲਗੇ ਉਇ ਬਪੁੜੇ ਕਿਆ ਕਰੇਨਿ ॥੨॥ (ਪੰਨਾ ੯੫੧)

ਇਸ ਗੁਰਵਾਕ ਤੋਂ ਸਾਨੂੰ ਹਦਾਇਤ ਮਿਲਦੀ ਹੈ ਕਿ ਭੇਖੀ ਅਗਿਆਨੀ ਗੁਰੂ ਦੇ ਸਿਖ ਭੀ ਹੁੰਦੇ ਹਨ। ਉਹ ਐਵੇਂ ਹੀ ਆਪਣੇ ਆਪ ਉਤੇ ਅਣਹੋਇਆ 'ਸਿਖ' ਪਦ ਘਟਾ ਲੈਂਦੇ ਹਨ। ਵਾਸਤਵ ਵਿਚ ਹੁੰਦੇ ਉਹ ਨਿਰੇ ਅਗਿਆਨੀ ਅੰਧਲੇ ਅਸਿਖ ਹਨ। ਅਲਪਗ, ਅਗਿਆਨੀ ਗੁਰੂ ਦੇ ਸਿਖ ਜੁ ਹੋਏ। ਜੈਸਾ ਕਿ ਗੁਰੂ ਵਾਕ ਹੈ :–

– ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ ॥(੪੯੧)

ਤਥਾ– ਗੁਰੂ ਜਿਨਾ ਕਾ ਅੰਧੁਲਾ ਚਲੇ ਨਾਹੀ ਠਾਉ ॥ (੫੮)

ਅਜਿਹੇ ਅਗਿਆਨੀ ਆਪਣੇ ਆਪ ਹੀ ਗੁਰੂ ਬਣ ਬੈਠਣ ਵਾਲੇ ਅਤੇ ਆਪਣੇ ਆਪ ਨੂੰ ਨਿਖੜਵਾਂ ਭੇਖ਼ ਮਾਤਰ ਗੁਰੂ ਸਦਾਉਣ ਵਾਲੇ ਪੁਰਸ਼ ਦੇ, ਚੇਲੇ ਚਪਾਟੇ ਭੀ ਭੇਖੀ ਅਤੇ ਅਗਿਆਨੀ ਹੁੰਦੇ ਹਨ। ਉਹ ਭੀ ਸਦਵਾਉਂਦੇ ਆਪਣੇ ਆਪ ਨੂੰ ਸਿਖ ਹਨ, ਪਰੰਤੂ ਕਰਮ ਉਹਨਾਂ ਦੇ ਅਸਿਖਾਂ ਵਾਲੇ ਹੁੰਦੇ ਹਨ, ਕਿਉਂਕਿ ਦੂਜੀ ਤੁਕ ਅੰਦਰ ਦਸਿਆ ਹੈ ਕਿ ਉਹ ਆਪਣੇ ਭਾਣੇ ਅੰਦਰ (ਮਨ ਦੀ ਮਰਜ਼ੀ ਅਨੁਸਾਰ) ਹੀ ਚਲਦੇ ਹਨ ਅਤੇ ਸਭ ਤੋਂ ਪ੍ਰਿਥਮ ਪ੍ਰਮਾਣ ਗੁਰਵਾਕ ਅੰਦਰ ਦਸਿਆ ਹੈ ਕਿ ਜਿਹੜੇ ਆਪਣੇ ਭਾਣੇ ਅੰਦਰ ਚਲਣ ਵਾਲੇ ਹਨ, ਉਹਨਾਂ ਦਾ ਸਤਿਗੁਰੂ ਨਾਲ ਕੋਈ ਸਨਬੰਧ ਸਾਕ ਨਹੀਂ। ਅਰਥਾਤ,ਉਹ ਗੁਰੂ ਦੇ ਸਿਖ ਨਹੀਂ ਸਦਵਾ ਸਕਦੇ। ਸੋ ਇਸ ਪਿਛਲੇਰੇ ਗੁਰ-ਪ੍ਰਮਾਣ ਤੋਂ ਅਸਾਂ ਨੂੰ ਸਾਫ਼ ਇਹ ਸਮਝੌਤੀ ਮਿਲਦੀ ਹੈ ਕਿ ਅਜਿਹੇ ਕਚੇ ਪਿਲੇ ਭੇਖੀ ਅਤੇ ਡਿੰਭੀ ਗੁਰੂਆਂ ਦੇ ਚੇਲੇ ਚਾਟਿਆਂ ਨੂੰ ਕਦੇ ਸਿਖ ਕਰਕੇ ਨਹੀਂ ਜਾਨਣਾ, ਚਾਹੇ ਉਹ ਆਪ ਨੂੰ ਕਿਤਨਾ ਹੀ ਕਿਉਂ ਨਾ ਸਿਖ ਸਦਾਉਂਦੇ ਫਿਰਨ, ਕਿਉਂਕਿ ਉਹਨਾਂ ਦਾ ਤਾਂ ਕਸਬ ਨਿਤਾਪ੍ਰਤਿ ਝੂਠੋ ਝੂਠ ਬੋਲਣ ਅਤੇ ਕੂੜ ਕੁਸੱਤ ਕਮਾਵਣਾ ਹੈ। ਆਪਣੇ ਮੂੰਹੋਂ ਮੀਆਂ ਮਿੱਠੂ ਤਾਂ ਸਭ ਕੋਈ ਬਣ ਜਾਂਦਾ ਹੈ। ਆਪੋਂ ਚਾਹੇ ਕੋਈ ਕਿਤਨਾ ਹੀ ਨਿਜ ਨੂੰ ਸਿਖ ਸਦਵਾਏ, ਉਸ ਨਿਜ ਕਥਨੀ ਦੁਆਰਾ ਉਹ ਕਦਾਚਿਤ ਸਿਖ ਨਹੀਂ ਬਣ ਸਕਦਾ, ਨਾ ਸਿਖ ਤਸਲੀਮ ਕੀਤਾ ਜਾ ਸਕਦਾ ਹੈ। ਇਸ ਗੁਰਵਾਕ ਦੀ ਵਿਆਖਿਆ ਤੋਂ ਸਿੱਟਾ ਨਿਕਲਿਆ ਕਿ ਸਿਖ ਕੇਵਲ ਗੁਰੂ ਨਾਨਕ ਦੇਵ ਜੀ ਦੀ ਸਿਖੀ ਧਾਰਨ ਕਰਨ ਵਾਲੇ ਨੂੰ ਕਹਿ ਸਕਦੇ ਹਾਂ। ਗੁਰੂ ਘਰ ਤੋਂ ਬੇਮੁਖ, ਭੇਖੀ ਦੇਹਧਾਰੀ ਗੁਰੂਆਂ ਦੇ ਚੇਲੇ ਜੋ ਕਿ ਗੁਰਮਤਿ, ਸਿਖ ਮਤਿ, ਗੁਰੂ ਨਾਨਕ ਦੇਵ ਜੀ ਦੀ ਸਿਖੀ ਦੇ ਧਾਰਨੀ ਨਾ ਹੋਣ, ਉਹਨਾਂ ਦਾ ਨਾਉਂ ਭੀ ਸਿਖ ਨਹੀਂ। ਦਿਹਨਾਂ ਭੇਖੀ ਅਤੇ ਦੇਹਧਾਰੀ ਗੁਰੂਆਂ ਅਤੇ ਅਜਿਹੇ ਨਕਲੀ ਗੁਰੂਆਂ ਦੇ ਨਕਲੀ ਸਿਖ ਦਾ ਝਮੇਲਾ ਗੁਰੂ ਪੰਥ ਵਿਖੇ ਪਹਿਲੇ ਦਿਨੋਂ ਪੈਂਦਾ ਰਿਹਾ ਹੈ। ਪ੍ਰੰਤੂ ਗੁਰੂ ਕਰਣੀ ਦੁਆਰਾ ਤਾਬੜ ਤੋੜ ਹੀ ਨਿਬੜਦਾ ਰਿਹਾ ਹੈ। ਦਸਮ ਗੁਰੂ ਨਾਨਕ, ਸ੍ਰੀ ਦਸਮੇਸ਼ ਜੀ ਨੇ ਓੜਕ ਇਸ ਝਮੇਲੇ ਨੂੰ ਅਜਿਹਾ ਨਬੇੜਿਆ ਕਿ ਗੁਰੂ ਘਰ ਦੀ ਗੁਰਸਿਖੀ ਦੀ ਜੁਗਾਂ ਜੁਗਾਂਤਰਾਂ ਲਈ ਅਟੱਲ ਪਰਖ ਅਤੇ ਪਛਾਣ ਅਰੂੜ ਕਰ ਦਿਤੀ। ਜਿਸ ਤੋਂ ਕਦਾਚਿਤ ਭੀ ਇਹ ਧੋਖਾ ਨਹੀਂ ਲਗ ਸਕਦਾ ਕਿ ਸੱਚਾ ਸਿੱਖ ਕਿਹੜਾ ਹੈ ਅਤੇ ਭੇਖੀ ਸਿਖ ਕਿਹੜਾ।



www.AKJ.Org

ਬਸ, ਜਦ ਸ੍ਰੀ ਦਸਮੇਸ਼ ਜੀ ਨੇ ਆਪਣੀ ਅਗਾਧ ਅਤੇ ਅਮਿਤ ਗਤੀ ਦੁਆਰਾ ਸਿਖ ਬਨਣ ਅਤੇ ਸਿਖ ਮਤਿ ਧਾਰਨ ਦੀ ਪਵਿਤਰ ਮਰਯਾਦਾ ਸਦੀਵ ਲਈ ਅਤੇ ਸਭ ਲਈ ਚਰਨਾਮ੍ਰਿਤ ਦੀ ਜਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ, ਪੰਚ ਖਾਲਸਾ ਦੀ ਰਾਹੀਂ ਤਿਆਰ ਕੀਤੇ ਖੰਡੇ ਦੇ ਅੰਮ੍ਰਿਤ ਵਿਖੇ ਬਦਲ ਦਿਤੀ ਹੈ ਅਤੇ ਇਸ ਬਿਧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਰੂਪੀ ਪਦਵੀ ਨੂੰ ਜੁਗਾਂਤਰਾਂ ਲਈ ਅਟੱਲ ਅਤੇ ਅਰੂੜ ਕਰ ਦਿਤਾ ਹੈ, ਤਦ ਅੱਜ ਕਲ੍ਹ ਸਿਖ ਬਣਨ ਲਈ ਅਤੇ ਸਿਖ ਮਤਿ ਦੇ ਧਾਰਨ ਕਰਨ ਲਈ ਪ੍ਰਿਥਮ ਅਤੇ ਮੂਲ ਨਿਯਮ ਖੰਡੇ ਦੇ ਅੰਮ੍ਰਿਤ ਰੂਪ ਪਵਿਤਰ ਗੁਰ ਮਰਯਾਦਾ ਤੋਂ ਭਿੰਨ ਕਦਾਚਿਤ ਕੋਈ ਹੋਰ ਨਹੀਂ ਹੋ ਸਕਦਾ । ਸਿਖ ਬਣਾਉਣ ਦੀ ਪਵਿਤਰ ਮਰਯਾਦਾ ਦੇ ਇਸ ਬਿਧ ਕਾਇਆਂ ਪਲਟਣ ਦਾ ਦੂਜਾ ਪ੍ਰਗਟ ਅਤੇ ਪ੍ਰਸਿਧ ਕਾਰਨ ਇਹ ਹੈ ਕਿ ਸਿਖ ਕੌਮ ਮੁਢ ਤੋਂ ਹੀ (ਅਰਥਾਤ, ਸ੍ਰੀ ਗੁਰੂ ਪਹਿਲੀ ਪਾਤਸ਼ਾਹੀ ਦੇ ਸਮੇਂ ਤੋਂ ਹੀ) ਰਾਜ ਯੋਗ ਮਾਨਣ ਵਾਲੀ, ਅਰਥਾਤ ਗ੍ਰਿਹਸਤ ਵਿਖੇ ਰਹਿ ਕੇ ਹੀ ਮੋਖ ਪਦਵੀ ਨੂੰ ਪ੍ਰਾਪਤ ਹੋਣ ਵਾਲੀ ਪਰਉਪਕਾਰੀ ਅਤੇ ਧਰਮਾਰਥੀ ਕੌਮ ਹੈ । ਪਹਿਲੀਆਂ ਪੰਜ ਪਾਤਸ਼ਾਹੀਆਂ ਦੇ ਸਮੇਂ ਤੀਕਰ ਤਾਂ ਸਿਖਾਂ ਦਾ ਪਰਉਪਕਾਰ ਅਤੇ ਪਰਮਾਰਥ ਨਿਰਵਿਘਨ ਨਿਭਦਾ ਰਿਹਾ । ਪਰੰਤੂ ਤਦ ਪਸਚਾਤ ਰਾਜ-ਗਰਦੀ ਅਤੇ ਨਾਨਾ ਪ੍ਰਕਾਰ ਦੇ ਜ਼ੋਰ ਜ਼ੁਲਮ ਅਤੇ ਅੰਨ੍ਹੇਰ-ਗਰਦੀ ਦਾ ਦੌਰ-ਦੌਰਾ ਹੋ ਜਾਣ ਪਰ ਸ੍ਰੀ ਸਤਿਗੁਰੂ ਜੀ ਨੇ ਛੇਵੇਂ ਜਾਮੇ ਤੋਂ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰ ਕੇ ਗੁਰਸਿਖਾਂ ਨੂੰ ਯੁਧ ਜੰਗ ਲਈ ਸਨੱਧ-ਬੱਧ ਰਖਣਾ ਅਰੰਭ ਕੀਤਾ । ਐਥੋਂ ਤਾਈਂ ਕਿ ਦਸਵਾਂ ਜਾਮਾ ਧਾਰ ਕੇ ਪਰਜਾ ਦੀ ਰਛਿਆ ਲਈ ਸੂਰਬੀਰ ਜੋਧਿਆਂ ਦਾ ਪੰਥ ਪਰਗਟ ਕਰਨ ਹਿਤ ਖੰਡੇ ਦੇ ਅੰਮ੍ਰਿਤ ਦੀ ਪਵਿਤਰ ਮਰਯਾਦਾ ਚਲਾ ਕੇ ਗੁਰਸਿਖਾਂ ਵਿਖੇ ਬੀਰ-ਰਸ ਭਰ ਦਿਤਾ ।

ਹੁਣ ਇਸ ਅੰਮ੍ਰਿਤ ਦੀ ਮਰਯਾਦਾ ਦੁਆਰਾ ਸਜਿਆ ਸਿਖ ਉਹ ਸਿਖ ਹੈ, ਜੋ ਸਿਖੀ ਦੇ ਦਾਇਰੇ ਅੰਦਰ ਆ ਕੇ (ਗੁਰੂ ਕੇ ਭਾਣੇ ਅੰਦਰ ਆ ਕੇ) ਗੁਰਬਾਣੀ ਦੁਆਰਾ ਪ੍ਰਗਟ ਕੀਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਬ ਅਤੇ ਸਮੂਹ ਹੁਕਮਾਂ ਨੂੰ ਸਿਰ ਮੱਥੇ ਉਤੇ ਸਵੀਕਾਰ ਕਰਨ ਕਰਕੇ, ਗੁਰੂ ਘਰ ਦਾ, ਗੁਰੂ ਦਾ, ਸਤਿਗੁਰੂ ਗੁਰੂ ਨਾਨਕ ਦੇਵ ਜੀ, ਸਤਿਗੁਰੂ ਸ੍ਰੀ ਦਸਮੇਸ਼ ਜੀ, ਸਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਖ ਸਦਵਾਂਦਾ ਹੈ । ਉਹੀ ਸਿਖ ਪਰਉਪਕਾਰੀ, ਅਤੇ ਸਨੱਧ-ਬੱਧ ਸ਼ਸਤਰਧਾਰੀ ਹੋਣ ਕਰਕੇ ਸਿੰਘ ਸਦਾਉਂਦਾ ਹੈ । ਉਹੀ ਸਿਖ ਖਾਲਸ (ਨਿਰਮਲ) ਪਰਉਪਕਾਰ ਹਿਤ ਪ੍ਰਗਟ ਹੋਇ ਖਾਲਸਾ ਪੰਥ ਦੀ ਇਕ ਅਦੁਤੀ ਅਤੇ ਅਕਾਲੀ ਅੰਸ ਹੋਣ ਕਰਕੇ, ਖਾਲਸਾ ਸਦਵਾਂਦਾ ਹੈ । ਜਿਸ ਦੇ ਘਟ ਅੰਦਰ ਸਦਾ ਹੀ ਵਾਹਿਗੁਰੂ ਦੀ ਜਾਗਤ ਜੋਤਿ ਜਗਦੀ ਹੈ, ਸੋਈ ਸਿਖ ਸਦੀਵ ਗੁਰੂ ਨੂੰ ਸਨਮੁਖ ਅਤੇ ਅੰਗ ਸੰਗ ਜਾਨਣ ਵਾਲਾ ਅਤੇ ਕੇਵਲ ਗੁਰੂ ਉਤੇ ਹੀ ਤਕੀਆ ਤਾਣ ਰਖਣ ਵਾਲਾ ਅਤੇ ਸਰਬ ਸੰਸਾਰ ਤੋਂ ਉਪਰਾਮ ਹੋ ਕੇ ਅਤੇ ਮਾਇਆ ਵਿਚ ਕੰਵਲ ਵਤ ਅਲੇਪ ਰਹਿ ਕੇ, ਕੇਵਲ ਗੁਰੂ ਪਰਾਇਣ ਹੀ ਰਹਿਣ ਵਾਲਾ ਹੋਣ ਕਰਕੇ 'ਗੁਰਮੁਖ' ਅਖਵਾਉਂਦਾ ਹੈ । ਸੋਈ ਸਿਖ ਆਪਾ ਭਾਵ ਨਿਵਾਰ ਕੇ, ਸਾਧ ਸੰਗਤ ਦੀ ਰੇਣਕਾ ਅਤੇ ਗਰੀਬੀ ਗਦਾ ਬਣਾ ਕੇ, ਅਤੇ ਸੇਵਾ ਨੂੰ ਮੁਖ ਰਖ ਕੇ, ਦਾਸਾਂ ਦਾ ਭੀ ਦਾਸ ਬਣ ਰਹਿਣ ਕਰ 'ਸੇਵਕ' ਦੀ ਪਦਵੀ ਨੂੰ ਪ੍ਰਾਪਤ ਹੈ । ਇਹ ਨਹੀਂ ਕਿ ਸਿਖ ਕੇਵਲ ਕੇਸਧਾਰੀ ਹੋਣ ਕਰ ਸਿੰਘ ਸਦਾਉਂਦਾ ਅਤੇ ਮੋਨਾ ਹੋਣ ਕਰ ਸਹਿਜਧਾਰੀ ਅਖਾਉਂਦਾ ਹੈ । ਇਸ ਬਿਧ ਜੋ 'ਸਿਖ ਪਦ' ਦੀ ਵਿਆਖਿਆ ਕਰਦੇ ਹਨ, ਉਹ ਗੁਰੂ ਘਰ ਦੇ ਗੂੜ੍ਹ ਪਰਮਾਰਥੀ ਭੇਦਾਂ ਅਤੇ ਗੁਰਸਿਖੀ ਤੋਂ ਹੀ ਅਗਿਆਤ ਹਨ । ਸਿਖ ਕੌਮ ਵਿਖੇ ਸਿਖ ਪਦ ਸਬੰਧੀ ਇਸ ਪਰਕਾਰ ਦੀ ਮਨੋ-ਕਲਪਤ ਵਿਆਖਿਆ ਦਵਾਰਾ, ਸਿਖ ਕੌਮ ਵਿਖੇ ਸਿਖਾਂ ਦੇ ਵਖੋ ਵਖ ਵਰਨ ਚਿਹਨ ਅਸਥਾਪਣ ਕਰ ਦੇਣੇ ਹਿੰਦੂ ਕੌਮ ਦੇ ਮੰਨੇ ਹੋਏ ਵਰਨ-ਆਸ਼ਰਮ ਵਾਲੀ ਅਗਿਆਨਤਾ ਪੂਰਤ ਨਕਲ ਹੈ । ਗੁਰੂ ਘਰ ਦੀ ਪੁਰਾਤਨ ਗੁਰਸਿਖ-ਗਾਥਾ ਅਨੁਸਾਰ ਇਕ ਸਿਖ ਦੇ ਜੀਵਨ ਵਿਖੇ ਹਿੰਦੂਆਂ ਦੇ ਸਾਰੇ ਅਰਥਾਤ ਚਾਰੇ ਵਰਨਾਂ-ਆਸ਼ਰਮਾਂ ਵਾਲੇ ਗੁਣ ਗੁੰਫਤ ਅਤੇ ਪੂਰਤ ਹਨ ।

ਪਰਮਾਰਥ ਦਾ ਪਾਂਧੀ ਸੰਤ ਭਗਤ ਅਤੇ ਗੁਰਮੁਖ ਬ੍ਰਹਮ-ਵਿਚਾਰੀ ਬ੍ਰਹਮ-ਗਿਆਨੀ ਹੋਣ ਕਰਕੇ ਸਿਖ ਬ੍ਰਾਹਮਣ ਹੈ, ਸੋਈ ਸਿਖ ਪਰਉਪਕਾਰੀ ਸੂਰਬੀਰ ਯੋਧਾ ਹੋਣ ਕਰਕੇ ਛਤਰੀ ਹੈ । ਸੋਈ ਗ੍ਰਿਹਸਤੀ ਅਤੇ ਦਸਾਂ ਨਹੁੰਆਂ ਦੀ



www.AKJ.Org

ਕਮਾਈ ਕਰਕੇ, ਘਾਲ ਖਾਏ ਕੁਛ ਹਥੋਂ ਦੇਣ ਵਾਲਾ ਹੋਣ ਕਰਕੇ ਵੈਸ਼ ਹੈ ਅਤੇ ਸੋਈ ਸਿਖ ਸੇਵਾ ਦੇ ਮੰਡਲ ਦਾ ਮੋਹਰੀ ਹੋਣ ਕਰਕੇ ਸੂਦਰ ਹੈ। ਏਸੇ ਪਰਕਾਰ ਸਿੰਘ, ਖਾਲਸਾ, ਗੁਰਮੁਖ ਅਤੇ ਸੇਵਕ ਵਾਲੇ ਸਾਰੇ ਗੁਣ ਇਕੋ ਸਿਖ ਵਿਖੇ ਹੀ ਘਟਦੇ ਹਨ। ਸੋ 'ਸਿਖ ਪਦ' ਦੇ ਪ੍ਰਕਾਰਨ ਮਾਤਰ ਵਿਚ ਸਿੰਘ ਖਾਲਸਾ, ਗੁਰਮੁਖ ਅਤੇ ਸੇਵਕ ਆਪੇ ਹੀ ਪੁਕਾਰੇ ਜਾਂਦੇ ਹਨ। ਇਹ ਸਿਖ ਪਦ ਦੀ, ਸਿਖ ਪਦਵੀ ਦੀ ਗੁਰੂ ਘਰ ਵਿਖੇ ਵਿਲੱਖਣਤਾ ਹੈ।

ਸੋ ਸਿਖ ਸਦਾਵਣ ਵਾਲੇ ਭਰਾਵੋ! ਤੁਸੀਂ ਕਦੇ ਵੀ ਆਪਣੇ ਆਪ ਨੂੰ ਸਿਖ ਨਹੀਂ ਸਦਵਾ ਸਕਦੇ, ਜਦ ਤੀਕਰ ਕਿ ਤੁਸੀਂ ਸਤਿਗੁਰੂ ਦਸਮੇਸ਼ ਜੀ ਦੇ ਸਮੇਂ ਪਰਚੁਰ ਹੋਈ ਪਵਿਤਰ ਅੰਮ੍ਰਿਤ ਦੀ ਮਰਯਾਦਾ ਦੁਆਰਾ ਸਿਖ ਨਹੀਂ ਬਣ ਜਾਂਦੇ। ਤੁਸਾਂ ਨੂੰ ਭਲੀ ਬਿਧ ਇਹ ਭੇਦ ਪ੍ਰਗਟ ਰਹੇ ਕਿ ਕੇਵਲ ਖੰਡੇ ਦੇ ਅੰਮ੍ਰਿਤ ਦੁਆਰਾ ਸਜੇ ਸਿੰਘ ਹੀ ਸਿਖ ਸਦਵਾ ਸਕਦੇ ਹਨ।......

ਜੋ ਅਜੇ ਤੀਕਰ ਇਸ ਪਵਿਤਰ ਮਰਯਾਦਾ ਅੰਮ੍ਰਿਤ ਦੁਆਰਾ, ਖੰਡੇ ਦੇ ਅੰਮ੍ਰਿਤ ਦਵਾਰਾ, ਸਿਖ ਸਜਾਉਣ ਵਾਲੀ ਮਰਯਾਦਾ ਦੇ ਧਾਰਨ ਕਰਨੋਂ ਢਿਲੇ ਹਨ, ਤਾਂ ਉਨ੍ਹਾਂ ਨੂੰ ਸਿਖ ਸਦਾਉਣ ਦਾ ਅਧਿਕਾਰ ਹੀ ਕੀ ਹੈ? ਕਿਉਂਕਿ "ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥" (੬੦੧)

ਗੁਰੂ ਨਾਨਕ ਦੇਵ ਜੀ ਦਾ ਦਸਵੇਂ ਜਾਮੇ ਅੰਦਰ ਸੰਸਾਰੀਆਂ ਨੂੰ ਸਿਖ ਸਜਾਉਣ ਦਾ ਭਾਣਾ ਇਤ ਬਿਧਿ ਵਰਤ ਗਿਆ ਹੈ। ਬਸ, ਜੋ ਪ੍ਰਾਣੀ ਇਸ ਗੁਰੂ ਵਰਤਾਏ ਭਾਣੇ ਦੇ ਅੰਦਰ ਆਵੇਗਾ, ਸੋਈ ਸਿਖ ਸਦਾਵੇਗਾ। ਜੋ ਨਹੀਂ ਇਸ ਭਾਣੇ ਅੰਦਰ ਆਵੇਗਾ, ਸੋ ਸਿਖ ਨਹੀਂ ਸਦਾਵੇਗਾ, ਕਿਉਂਕਿ ਉਹ ਆਪਣੇ ਭਾਣੇ ਅੰਦਰ ਚਲਣ ਕਰ ਵਿਛੜ ਚੋਟਾਂ ਖਾਏਗਾ। ਉਸ ਦਾ ਇਹ ਕਹਿਣਾ ਕਿ ਮੈਂ ਸਿਖ ਸਜਣ ਦੀ ਚਰਣਾਮ੍ਰਿਤ ਵਾਲੀ ਮੂਲ ਮਰਯਾਦਾ ਦਾ ਧਾਰਣੀ ਹੋਣ ਕਰਕੇ ਸਿਖ ਹਾਂ, ਨਿਰਾ ਹੀਲਾ ਹਵਾਲਾ ਤੇ ਕੂੜਾਵਾ ਬਹਾਨਾ ਹੈ। ਅਸੀਂ ਪੁਛਦੇ ਹਾਂ ਕਿ ਅਜਿਹੇ ਬਹਾਨਾ-ਸਾਜ਼ ਅਤੇ ਹੀਲਾ-ਸਾਜ਼ ਸਿਖ ਨੇ ਚਰਣਾਮਿਤ੍ਰ ਕਿਥੇ ਪਰਾਪਤ ਕੀਤਾ, ਜਦ ਕਿ ਦੇਹਧਾਰੀ ਗੁਰੂ ਦਾ ਸਿਲਸਿਲਾ ਹੀ ਸ੍ਰੀ ਦਸਮੇਸ਼ ਜੀ ਨਬੇੜ ਚੁਕੇ ਹਨ? ਅਤੇ ਦੇਹਧਾਰੀ ਗੁਰੂ ਬਿਨਾਂ ਚਰਨ ਪਾਹੁਲ ਨਹੀਂ ਪ੍ਰਾਪਤ ਹੋ ਸਕਦੀ। ਤਾਂ ਤੇ ਸਾਫ਼ ਸਿਧ ਹੈ ਕਿ ਉਹ ਸ੍ਰੀ ਦਸਮੇਸ਼ ਜੀ ਦੇ ਥਾਪੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਬੇਮੁਖ ਅਤੇ ਆਕੀ ਹੋ ਕੇ ਅਲਪਗ ਅਤੇ ਪਰਪੰਚੀ ਵਾ ਪਖੰਡੀ-ਦੇਹਧਾਰੀ ਗੁਰੂਆਂ ਦੇ ਉਪਾਸ਼ਕ ਹਨ, ਜੋ ਗੁਰਸਿਖੀ ਤੋਂ ਬੇਮੁਖ ਹੋਣ ਦਾ ਮੁਖ ਸਬੂਤ ਹੈ।

ਬੜੇ ਅਸਚਰਜ ਵਾਲੀ ਗੱਲ ਇਹ ਹੈ ਕਿ ਗੁਰੂ ਦੇ ਸਿਖ ਗੁਰਸਿਖੀ ਨੂੰ ਅੰਮ੍ਰਿਤ ਮਰਯਾਦਾ ਦਵਾਰਾ ਧਾਰਨ ਕਰ ਚੁਕੇ ਸਿਖ ਤਾਂ ਪਤਿਤ ਕਰਮਾਂ ਵਿਚੋਂ ਕਿਸੇ ਇਕ ਕੁਰਹਿਤ ਕਰਨ ਕਰਕੇ ਗੁਰੂ ਦਸਮੇਸ਼ ਜੀ ਦੇ ਹੁਕਮ ਅਨੁਸਾਰ ਗੁਰਸਿਖੀ ਤੋਂ ਖ਼ਾਰਜ ਅਤੇ ਪਤਿਤ ਗਰਦਾਨੇ ਜਾਣ, ਪਰ ਗੁਰਸਿਖੀ ਨੂੰ ਧਾਰਨ ਕੀਤੇ ਬਗ਼ੈਰ ਜੋ ਪੁਰਸ਼ ਸੁਤੇ ਸਿਧ ਹੀ ਉਕਤ ਪਤਿਤ ਕਰਮਾਂ ਵਿਚੋਂ ਕਿਸੇ ਇਕ ਅਧਕ ਕੁਕਰਮ ਕਰਕੇ ਪਤਿਤ-ਕਰਮੀ ਹੋਣ, ਉਹ ਖਰੇ ਖਾਸੇ ਸਿਖ, ਬਣੇ ਤਣੇ ਸਿਖ ਆਪਣੇ ਆਪ ਨੂੰ ਸਦਾਉਂਦੇ ਫਿਰਨ। ਜੋ ਅੰਮ੍ਰਿਤ ਦੀ ਪਵਿਤਰ ਮਰਯਾਦਾ ਅਨੁਸਾਰ ਕੇਸਾਂ ਦੀ ਕਿਸੇ ਰੂਪ ਵਿਚ ਵੀ ਬੇਅਦਬੀ ਕਰਦੇ ਹਨ ਉਹ ਸਿਖੀ ਤੋਂ ਪਤਿਤ, ਪਰ ਜਿਹੜਾ ਉਕਤ ਮਰਯਾਦਾ ਦੁਆਰਾ ਸਿਖ ਸਜੇ ਬਿਨਾਂ ਕੇਸਾਂ ਨੂੰ ਨਿਤਾਪ੍ਰਤ ਕਟਾਉਣ ਵਾਲਾ ਮੋਨ ਘੋਨ ਸਿਰ-ਗੁੰਮ ਸਿਰ-ਘਸਾ ਹੋਵੇ, ਉਹ ਸਾਵਾਂ ਸਿਖ। ਜਿਹੜਾ ਤਾਂ ਅੰਮ੍ਰਿਤ ਛਕ ਕੇ ਬਿਖਿਆ ਪਾਨ ਕਰ ਲਵੇ ਉਹ ਤਾਂ ਸਿੱਖੀ ਤੋਂ ਪਤਿਤ, ਪਰ ਜਿਹੜਾ ਅੰਮ੍ਰਿਤ ਛਕੇ ਬਿਨਾਂ ਅਤੇ ਮਰਯਾਦਾ ਪੂਰਬਕ ਸਿਖੀ ਧਾਰਨ ਕੀਤੇ ਬਿਨਾਂ ਨੜੀਮਾਰ ਅਤੇ ਬਿਖਿਆ ਦਾ ਪੁੰਜ ਹੋਵੇ, ਉਹ ਤਾਂ ਭੀ ਸਿਖ ਦਾ ਸਿਖ। ਅਸਚਰਜ ਵਹਿਣ ਵਗਿਆ ਹੋਇਆ ਹੈ ਕਿ ਇਹ ਸਿਖੀ ਨੂੰ ਹੀ ਬਸੇਖ ਹੈ ਕਿ ਸਿਖ ਸਜ ਕੇ ਹੀ ਉਕਤ ਪਤਿਤ ਕਰਮ ਉਸ ਨੂੰ ਪੁੰਹਦੇ ਹਨ, ਐਵੇਂ ਨਹੀਂ? ਇਹ ਅੰਮ੍ਰਿਤ ਛਕਣਾ ਅਤੇ ਸਿਖੀ ਦਾ ਧਾਰਨ ਕਰ ਲੈਣਾ ਨਾ ਹੋਇਆ, ਕੋਈ ਕਸੂਰ ਕਰ ਬੈਠਣਾ ਅਤੇ ਲੀਕ ਲਾ ਬੈਠਣਾ ਹੋਇਆ, ਜਿਸ ਕਰਕੇ ਅੰਮ੍ਰਿਤ ਦੀ ਪਵਿਤਰ ਮਰਯਾਦਾ ਦੁਆਰਾ ਗੁਰਸਿਖੀ ਧਾਰਨ ਹੀ ਨਾ ਕੀਤੀ ਹੋਵੇ। ਉਹ ਚਾਹੇ ਸਾਰਾ ਤੇ ਮੂਲੋਂ ਮੁਢੋਂ ਹੀ ਪਤਿਤ-ਕਰਮੀ ਹੋਵੇ, ਪਰ ਫੇਰ ਭੀ ਸਿਖ ਦਾ ਸਿਖ। ਪਤਿਤ ਕਰਮਾਂ



www.AKJ.Org

ਦਾ ਪੁੰਜ-ਕਰਮੀ ਭੀ ਉਹ ਪਤਿਤ ਅਖਵਾਉਣ ਦਾ ਭਾਗੀ ਨਹੀਂ। ਕੈਸੀ ਕਮਫ਼ਹਿਮੀ (ਕਮ-ਅਕਲੀ) ਹੈ। ਪਤਿਤ-ਕਰਮੀ ਪੁਰਸ਼, ਸਿਖ ਸਦਵਾ ਹੀ ਨਹੀਂ ਸਕਦਾ। ਭਾਵੇਂ ਸਿਖ ਸਜ ਕੇ ਪਤਿਤ-ਕਰਮੀ ਹੋ ਗਿਆ ਹੋਵੇ, ਭਾਵੇਂ ਸੁਤੇ ਪਤਿਤ-ਕਰਮੀ ਹੋਵੇ। ਅਤੇ ਜਿਸ ਨੇ ਸਿਖੀ ਧਾਰਨ ਨਹੀਂ ਕੀਤੀ, ਜੋ ਅਜੇ ਅਸਿਖ ਹੈ ਉਹ ਤਾਂ ਹੈ ਹੀ ਪਤਿਤ-ਕਰਮੀ। ਅਸਿਖ ਦੇ ਅਰਥ ਹੀ ਪਤਿਤ-ਕਰਮੀ ਦੇ ਹਨ। ਸੁਤੇ ਗਿਆਨ ਤਾਂ ਉਸ ਨੂੰ ਹੋਣੋਂ ਹੀ ਰਿਹਾ। ਨਿਗੁਰਾ, ਗੁਰਮੰਤ੍ਰ ਹੀਣਾ, ਗੁਰਦੀਖਿਆ ਤੋਂ ਊਣਾ ਹੋਣ ਕਰਕੇ ਉਹ ਭਰਿਸ਼ਟ ਕਿਰਿਆ ਵਾਲਾ ਕੁਕਰਮੀ ਪੁਰਸ਼ ਹੈ, ਯਥਾ ਗੁਰਵਾਕ ਹੈ :– "ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ, ਸੂਕਰਹ, ਗਰਧਭਹ, ਕਾਕਹ, ਸਰਪਨਹ, ਤੁਲਿ ਖਲਹ ॥" (੧੩੫੭)

ਵੇਖਿਆ ਗੁਰਬਾਣੀ ਦੁਆਰਾ, ਗੁਰ-ਹੁਕਮਾਂ ਦੁਆਰਾ ਅ'ਸੱਖ, ਅਨਾੜੀ, ਨਿਗੁਰੇ ਪੁਰਸ਼ਾਂ ਨੂੰ ਬਿਸ਼ਟਾ-ਖ਼ੋਰੇ ਪਸ਼ ਪੰਖੀਆਂ ਦੀ ਤੁਲਨਾ ਵਾਲੀ ਪਦਵੀ ਪ੍ਰਾਪਤ ਹੈ। ਏਥੇ ਏਹ ਹੁੱਜਤ ਕਰਨ ਦੀ ਗੁੰਜਾਇਸ਼ ਹੀ ਨਹੀਂ ਕਿ ਕੀ ਅੰਮ੍ਰਿਤ ਛਕੇ ਬਿਨਾ ਪ੍ਰਾਣੀ ਨੂੰ ਗੁਰਮੰਤ੍ਰ ਪ੍ਰਾਪਤ ਨਹੀਂ ਹੋ ਸਕਦਾ', ਜਦ ਕਿ ਅੰਮ੍ਰਿਤ ਛਕੇ ਬਿਨਾ ਸਿਖ ਹੀ ਨਹੀਂ ਹੋ ਸਕਦਾ ਅਤੇ ਬਣ ਸਕਦਾ। ਅਤੇ ਅਸਿਖ ਨੂੰ ਗੁਰਮੰਤ੍ਰ ਦੀ ਪ੍ਰਾਪਤੀ ਕਿਥੋਂ, ਜਦ ਤਾਈਂ ਉਹ ਗੁਰੂ ਦਾ ਨਾ ਬਣ ਜਾਵੇ, ਗੁਰੂ ਅਗੇ ਸੀਸ ਭੇਟਾ ਨਾ ਕਰ ਦੇਵੇ ਅਤੇ ਗੁਰੂ ਕੇ ਹੁਕਮ-ਰਜਾਈ ਚਲਣ ਵਾਲਾ ਗੁਰੂ ਦਾ ਹੁਕਮੀ ਬੰਦਾ ਨਾ ਬਣ ਜਾਵੇ। ਅਜ ਕਲ੍ਹ ਲੋਕਾਂ ਨੇ ਗੁਰਮੰਤ੍ਰ ਦਾ ਲੈਣਾ ਅਤੇ ਸਿਖ ਬਣ ਬੈਠਣਾ ਇਕ ਮਖ਼ੌਲ ਸਮਝ ਛਡਿਆ ਹੈ। ਜੈਸਾ ਕਿ ਬਹੁਤ ਸਾਰੇ ਪਰਪੰਚੀ ਪੁਰਸ਼ਾਂ ਨੇ 'ਕੰਨਾ ਬਾਤੀ ਕੁਰੱ, ਤੂੰ ਮੇਰਾ ਸਿਖ ਤੇ ਮੈਂ ਤੇਰਾ ਗੁਰ' ਵਾਲਾ ਪਰਪੰਚ ਰਚ ਕੇ ਲੋਕਾਂ ਨੂੰ ਆਪਣਾ ਸਿਖ ਬਣਾਉਣਾ ਅਤੇ ਮੰਤਰ ਦੇ ਕੇ ਪਰਚਾਉਣਾ ਇਕ ਖੇਡ ਹੀ ਬਣਾ ਛਡੀ ਹੈ।

ਸਤਿਗੁਰੂ ਗੁਰੂ ਦਸਮੇਸ਼ ਜੀ ਨੇ ਇਹਨਾਂ ਸਰਬ ਪਰ-ਪੰਚੀਆਂ ਅਤੇ ਪਰਪੰਚਾਂ ਦੇ ਸਿਰ ਤੇ ਸੁਆਹ ਪਾ ਕੇ ਅਤੇ ਲੋਕਾਂ ਨੂੰ ਅਜਿਹੇ ਪਰਪੰਚਾਂ ਅਤੇ ਪਰਪੰਚੀਆਂ ਤੋਂ ਬਚਾਏ ਰਖਣ ਲਈ ਸਿਖੀ ਧਾਰਨ ਕਰਨ, ਅਰਥਾਤ ਸਿਖ ਬਨਣ ਦੀ ਅਤੇ ਗੁਰਮੰਤ੍ਰ ਲੈਣ ਦੀ ਵਿਲੱਖਣ ਮਰਯਾਦਾ ਕਰ ਦਿਤੀ ਹੈ। ਬਸ ਕੇਵਲ, ਕੇਵਲ ਇਸ ਮਰਯਾਦਾ ਦੁਆਰਾ ਹੀ ਗੁਰੂ ਦਾ ਸਿਖ ਬਣ ਸਕੀਦਾ ਹੈ ਅਤੇ ਏਸੇ ਮਰਯਾਦਾ ਦੁਆਰਾ ਹੀ ਗੁਰੂ-ਮੰਤਰ ਦੀ ਪ੍ਰਾਪਤੀ ਦੇ ਪਾਤਰ ਹੋ ਸਕੀਦਾ ਹੈ। ਨਾ ਕੋਈ ਇਕ ਇਕੇਲਾ ਪਰਪੰਚ ਰਚ ਕੇ ਆਪਣੇ ਆਪ ਨੂੰ ਗੁਰੂ ਸਦਾ ਸਕਦਾ ਹੈ ਨਾ ਹੀ ਕਿਸੇ ਨੂੰ ਆਪਣਾ ਸਿਖ ਬਣਾ ਸਕਦਾ ਹੈ, ਨਾ ਹੀ ਉਸ ਇਕ-ਇਕੱਲੇ ਨੂੰ ਮੰਤਰ ਦੇਣ ਦਾ ਅਧਿਕਾਰ ਹੈ, ਨਾ ਹੀ ਉਸ ਪਾਸੋਂ ਲਿਆ ਗੁਰਮੰਤ੍ਰ ਲੈਣ ਵਾਲੇ ਲਈ ਫਲੀ-ਭੂਤ ਹੋ ਸਕਦਾ ਹੈ। ਐਸੇ ਲੈਣ ਦੇਣ ਦਾ ਕੂੜਾਵਾ ਸੌਦਾ ਕਰਨ ਵਾਲ ਮਨਮੁਖੀ ਅਤੇ ਪਰਪੰਚੀ ਪੁਰਸ਼ਾਂ ਦੇ ਸਮੂਹ ਸੰਘੱਟ ਦਾ ਨਾਉਂ ਭਾਈ ਗੁਰਦਾਸ ਜੀ ਨੇ ਮੀਣਿਆਂ ਦਾ ਨਕਟ-ਪੰਥ ਰਖਿਆ ਹੈ। ['ਸਿਖ ਕੌਣ ਹੈ' ਟਰੈਕਟ ਵਿਚੋਂ

ਦੋ ਰੁਬਾਈਆਂ–

## ਦਮ ਦਮ ਨਾਮ ਸੰਭਾਲ ਪ੍ਰਭੂ ਦਾ

[ ਸ: ਤੇਗ ਬਹਾਦਰ ਸਿੰਘ 'ਤੇਗ' ]

ਉੱਠ ਸਰੀਰਾ ਆਲਸ ਛੱਡ ਕੇ, ਹੋ ਗਿਆ ਅੰਮ੍ਰਿਤ ਵੇਲਾ।
ਚਮਕਣ ਤਾਰੇ ਪਾਉਣ ਰੁਮਕਦੀ, ਕਰ ਸਾਈਂ ਨਾਲ ਮੇਲਾ।
ਦਮ ਦਮ ਨਾਮ ਸੰਭਾਲ ਪ੍ਰਭੂ ਦਾ, ਇਕ-ਮਨ ਇਕ-ਚਿੱਤ ਹੋ ਕੇ ;
ਚਰਨ ਪ੍ਰਸ ਕੇ ਸਾਧ ਸੰਗਤ ਦੇ, ਕਰ ਲੈ ਜਨਮ ਸੁਹੇਲਾ।

ਗੁਰਸਿੱਖਾ, ਤੂੰ ਤੜਕੇ ਉੱਠ ਕੇ, ਹਰਿ ਹਰਿ ਨਾਮ ਧਿਆਇਆ ਕਰ।
ਕਰ ਇਸ਼ਨਾਨ ਸਿਮਰ ਪ੍ਰਭ ਆਪਣਾ, ਮਨ ਖੇੜੇ ਵਿਚ ਲਿਆਇਆ ਕਰ।
ਦਮ ਦਮ ਨਾਮ ਸੰਭਾਲ ਪ੍ਰਭੂ ਦਾ, ਇਕ-ਮਨ ਇਕ-ਚਿੱਤ ਹੋ ਕੇ ;
ਜਨਮ ਸੁਹੇਲਾ ਕਰਨੇ ਖ਼ਾਤਰ, ਸਾਧ ਸੰਗਤ ਨਿੱਤ ਜਾਇਆ ਕਰ।



www.AKJ.Org

# ਖਾਲਸੇ ਦਾ ਭਾਵ-ਅਰਥ

[ ਡਾਕਟਰ ਤਾਰਨ ਸਿੰਘ ਜੀ ]

ਜਾਪਦਾ ਇਉਂ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਦੋਂ ਇਹ ਕਿਹਾ ਕਿ ਇਹ ਖਾਲਸਾ 'ਸਵਾ ਲੱਖ' ਤੇ ਭਾਰੂ ਹੈ ਤਾਂ ਉਹਨਾਂ ਨੇ ਆਪਣੇ ਵਲੋਂ ਜੋ ਘਟ ਤੋਂ ਘਟ ਨਿਸਬਤ ਖਾਲਸਾ ਪੁਰਸ਼ਾਂ ਅਤੇ ਕਪਟੀਆਂ ਵਿਚ ਦਸੀ ਉਹ ਨਿਸਬਤ ੧ : ੧,੨੫੦੦੦ ਦੀ ਹੈ।

ਗੁਰੂ ਸਾਹਿਬ ਜੀ ਨੇ ਅਸੂਲ ਇਹ ਦ੍ਰਿੜ੍ਹ ਕਰਾਇਆ ਕਿ ਅੰਮ੍ਰਿਤ ਨੇ ਮਨੁਖ ਨੂੰ ਖਾਲਸਾ ਬਨਾਣਾ ਹੈ ਅਤੇ ਖਾਲਸਾ ਕਿਸੇ ਆਤਮਿਕ ਪੱਧਰ ਦਾ ਨਾਮ ਹੈ। ਖਾਲਸਾ ਕਿਸੇ ਧਾਰਮਕ, ਮਾਨਸਕ, ਸਦਾਚਾਰਕ ਬਿਰਤੀ ਦਾ ਨਾਮ ਹੈ। ਖਾਲਸਾ ਕੁਝ ਆਦਰਸ਼ਾਂ ਦਾ ਨਾਮ ਹੈ, ਜਿਸ ਦੇ ਮੁਖ ਰੂਪ 'ਗੁਰੂ ਗ੍ਰੰਥ ਜੀ ਮਾਨੀਓ', 'ਸੰਤ ਸਿਪਾਹੀ' (ਰਾਜ ਜੋਗ, ਮੀਰੀ ਪੀਰੀ), 'ਵਾਹਿਗੁਰੂ ਜੀ ਕੀ ਫ਼ਤਹ' ਅਤੇ 'ਬੋਲੇ ਸੋ ਨਿਹਾਲ' ਹਨ।

ਅਸੂਲ ਇਹ ਹਨ ਕਿ ਸਿਰ ਨਹੀਂ ਗਿਣਨੇ, ਆਦਰਸ਼ ਮਿਣਨੇ ਹਨ; ਭਾਰ ਨਹੀਂ ਤੋਲਣਾ, ਵਿਹਾਰ ਪਰਖਣਾ ਹੈ; ਪਸ਼ੂ-ਸ਼ਕਤੀ ਨਹੀਂ, ਆਪਣੀ ਆਤਮਕ ਬਿਰਤੀ ਵੇਖਣੀ ਹੈ; ਚੰਚਲ ਬੋਧਕਤਾ ਨਹੀਂ ਜਾਣਨੀ, ਮਾਨਸਕ ਸਥਿਰਤਾ ਵੇਖਣੀ ਹੈ; 'ਹੁਕਮ ਹਾਸਲ' ਦੀ ਕਦਰ ਨਹੀਂ ਹੈ, ਸੇਵਾ ਦੀ ਮਾਨਤਾ ਹੈ। ਸਿਧਾਂਤ ਇਹ ਹੈ ਕਿ ਪ੍ਰਭੂ ਬਿਰਤੀ ਵਾਲਾ ਇਕ ਮਨੁਖ ਵੀ ਕਰੋੜਾਂ ਵਿਸ਼ਈਆਂ ਅਤੇ ਕੁਕਰਮੀਆਂ ਤੋਂ ਬਹੁਤ ਵਧ ਬਲਵਾਨ ਹੈ।

One on the side of god, is a majority.

੧੬੯੯ ਦੀ ਵਿਸਾਖੀ ਦੇ ਸ਼ੁਭ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਉਹ ਆਦਰਸ਼ਕ ਖਾਲਸਾ ਪੁਰਸ਼ ਸੰਸਾਰ ਨੂੰ ਪ੍ਰਦਾਨ ਕੀਤਾ, ਜਿਸ ਦੀ ਸ਼ਕਤੀ ਜ਼ਾਲਮਾਂ ਦੇ ਵਿਰੁਧ 'ਸਵਾ ਲੱਖ' ਗੁਣਾ ਵਧ ਸੀ। ਇਹ ਮਨੁਖ ਵੇਖਣ ਵਿਚ ਸਾਧਾਰਨ ਮਨੁਖ ਹੀ ਸੀ, ਪਰ ਇਸ ਦੇ ਆਦਰਸ਼ ਨਿਆਰੇ ਸਨ। ਇਹ ਮਨੁਖ 'ਖਾਲਸਾ' ਸੀ। ਇਸ ਦਾ ਇਸ਼ਟ ਗੁਰੂ ਗ੍ਰੰਥ ਸਾਹਿਬ ਸੀ, ਜੋ ਸੰਸਾਰ ਵਿਚ ਧਾਰਮਕ ਤੇ ਆਤਮਕ ਸਹਵਾਸ ਦਾ ਇਕ ਮਹਾਨ ਤਜਰਬਾ ਸੀ। ਗੁਰੂ ਨਾਨਕ ਸਾਹਿਬ ਦਾ ਜਨਮ ੧੪੬੯ ਈਸਵੀ ਵਿਚ ਹੋਇਆ, ਖਾਲਸੇ ਦਾ ਜਨਮ ੧੬੯੯ ਈਸਵੀ ਵਿਚ ਹੋਇਆ। ਪਰ ਖਾਲਸਾ ਉਹਨਾਂ ਲੋਕਾਂ ਦੀ ਬਾਣੀ ਦਾ ਵੀ ਪੁਜਾਰੀ ਹੈ ਜਿਨ੍ਹਾਂ ਦਾ ਜਨਮ ਗੁਰੂ ਨਾਨਕ ਸਾਹਿਬ ਤੋਂ ਵੀ ਕਈ ਸਦੀਆਂ ਪਹਿਲਾਂ ਹੋ ਚੁਕਾ ਸੀ। ਜੇਦੇਵ ਜੀ ਦਾ ਜਨਮ ੧੦੭੦ ਈ: ਵਿਚ ਹੋਇਆ ਸੀ ਅਤੇ ਉਹਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ। ਫ਼ਰੀਦ ਜੀ ਦਾ ਜਨਮ ੧੧੭੨ ਈ: ਵਿਚ ਹੋਇਆ ਸੀ ਅਤੇ ਉਹਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ। ਨਾਮਦੇਵ, ਤ੍ਰਿਲੋਚਨ, ਰਾਮਾਨੰਦ, ਕਬੀਰ, ਸਭ ਗੁਰੂ ਨਾਨਕ ਸਾਹਿਬ ਦੇ ਪੂਰਬ-ਵਰਤੀ ਸਨ। ਪਰ ਗੁਰੂ ਗ੍ਰੰਥ ਸਾਹਿਬ ਸੰਸਾਰ-ਇਤਿਹਾਸ ਵਿਚ ਇਕ ਮਹਾਨ ਤਜਰਬਾ ਇਸ ਲਈ ਹੈ ਕਿ ਇਸ ਵਿਚ ਹੋਰ ਧਰਮਾਂ ਦੇ ਲੋਕਾਂ ਦੀ ਬਾਣੀ ਸ਼ਾਮਲ ਹੈ। ਹਿੰਦੂ, ਮੁਸਲਮਾਨ, ਊਚ ਨੀਚ, ਪੂਰਬ-ਵਰਤੀ ਤੇ ਸਮਕਾਲੀ, ਅਨੇਕ ਬੋਲੀਆਂ ਵਿਚ ਲਿਖਣ ਵਾਲੇ ਮਹਾਂ ਪੁਰਸ਼ਾਂ ਦੀ ਬਾਣੀ ਸ਼ਾਮਲ ਹੈ। ਭਾਵ, 'ਸਿਖ ਧਰਮ' ਅਤੇ 'ਖਾਲਸਾ' ਸੰਸਾਰ ਦੇ ਸਾਰੇ ਧਰਮਾਂ ਮਹਾਂ ਪੁਰਸ਼ਾਂ ਤੋਂ ਧਰਮ-ਪੁਸਤਕਾਂ ਦੇ ਉਚਤਮ ਸਰੂਪ ਦਾ ਉਤਨਾ ਹੀ ਸਤਿਕਾਰ ਕਰਦਾ ਹੈ ਜਿਤਨਾ ਉਹ ਆਪਣੇ ਸੰਚਾਲਕ ਮਹਾਂ ਪੁਰਸ਼ਾਂ ਦਾ। ਖਾਲਸਾ ਪੂਰਨ ਸੰਸਾਰਕ ਜੀਵਨ ਜੀਂਦਾ ਹੈ। ਇਸ ਦੀਆਂ ਸਾਰੀਆਂ ਖੁਸ਼ੀਆਂ ਮਾਣਦਾ ਹੈ। ਪਰ ਯੰਗੀ ਦੀ ਤਰ੍ਹਾਂ 'ਖਾਲਸਾ' ਸੰਸਾਰ ਦੇ ਰਸ ਮਾਣਦਾ ਹੋਇਆ ਸਿਪਾਹੀ ਦੀ ਤਰ੍ਹਾਂ ਨਿਰਲੇਪ ਰਹਿੰਦਾ ਹੈ। ਕਿਸੇ ਉਚੇ ਆਦਰਸ਼ ਲਈ ਇਹਨਾਂ ਰਸਾਂ ਨੂੰ ਤਿਆਗ ਕੇ ਸਿਪਾਹੀ ਦੀ ਤਰ੍ਹਾਂ ਜਾਨ ਤਲੀ ਤੇ ਰਖ ਲੈਂਦਾ ਹੈ ਅਤੇ ਨਿਆਂ ਲਈ, ਸੱਚ ਲਈ, ਮਰਨ ਲਈ ਤਿਆਰ ਹੋ ਜਾਂਦਾ ਹੈ ਅਤੇ ਸ਼ਹੀਦ ਹੁੰਦਾ ਹੈ। ਇਹ ਖਾਲਸਾ ਦੀ ਮੀਰੀ ਪੀਰੀ ਹੈ ਅਤੇ ਉਸ ਦਾ ਸੰਤ-ਸਿਪਾਹੀ ਹੋਣਾ। ਖਾਲਸੇ ਦਾ ਸਦੀਵੀ ਆਦਰਸ਼ 'ਵਾਹਿਗੁਰੂ ਜੀ ਕੀ ਫ਼ਤਹ' ਹੈ। ਭਾਵ, ਖਾਲਸਾ ਸੰਸਾਰ ਦੀ ਉਹ ਦਸ਼ਾ ਚਾਹੁੰਦਾ ਹੈ ਜਿਥੇ ਰਾਜ 'ਵਾਹਿਗੁਰੂ' ਜੀ ਦਾ ਹੋਵੇ (Kingdom of Heaven) ।



www.AKJ.Org

ਭਾਵ ਇਹ ਕਿ ਸੰਸਾਰ ਵਿਚ ਏਕਤਾ ( ੧ਓ ), ਸੱਚ (ਸਤਿਨਾਮੁ), ਨਿਰਭੈਤਾ (ਨਿਰਭਉ), ਨਿਰਵੈਰਤਾ (ਨਿਰਵੈਰ), ਗੁਰ (ਗਿਆਨ) ਅਤੇ ਪ੍ਰਸਾਦਿ (Grace) ਦਾ ਰਾਜ ਹੋਵੇ। ਖਾਲਸਾ ਨੇ ਰੱਬੀ ਰਾਜ ਨੂੰ ਸੰਸਾਰ ਤੇ ਸਥਾਪਨ ਕਰਨਾ ਹੈ। ਖਾਲਸਾ ਉਹ ਹੈ ਜੋ ਸੱਚ ਲਈ ਤੇ ਨਿਆਂ ਲਈ ਆਪਣਾ ਆਪ ਕੁਰਬਾਨ ਕਰਨ ਲਈ ਦੌੜ ਕੇ ਪਹੁੰਚਦਾ ਹੈ ਅਤੇ ਸ਼ਹਾਦਤ ਦੇ ਦੇਂਦਾ ਹੈ ਜਾਂ ਨਿਆਂ ਤੇ ਇਨਸਾਫ਼ ਦਾ ਰਾਜ ਕਾਇਮ ਕਰ ਲੈਂਦਾ ਹੈ। ਇਹ ਅਰਥ ਹੈ 'ਜੋ ਬੋਲੇ ਸੋ ਨਿਹਾਲ' ਦਾ।

ਜਦੋਂ ਸੱਚ ਤੇ ਨਿਆਂ ਦਾ ਗਲਾ ਘੁਟਿਆ ਜਾਂਦਾ ਹੈ, 'ਖਾਲਸਾ' ਪੁਕਾਰ ਸੁਣ ਕੇ ਬੋਲਦਾ ਹੈ ਅਤੇ ਦੌੜ ਕੇ ਸੱਚ ਨਿਆਂ ਲਈ ਜੂਝਦਾ ਹੈ। ਇਹ 'ਖਾਲਸਾ' ਪੁਰਸ਼ 'ਸਵਾ ਲੱਖ' ਤੇ ਭਾਰੂ ਹੈ।

... ...

ਸੋ ਖਾਲਸਾ ਇਕ ਆਦਰਸ਼ ਹੈ ਅਤੇ ਖਾਲਸਾ ਕਰਤੱਵ ਉਸ ਆਦਰਸ਼ ਲਈ ਘਾਲਣਾ ਘਾਲਦਾ ਹੈ। ਉਸ ਲਈ ਜੂਝਦਾ ਹੈ। ਆਦਰਸ਼ ਸੱਚ, ਏਕਤਾ, ਨਿਆਂ, ਸੁੰਦਰਤਾ, ਅਮਨ, ਪ੍ਰੇਮ ਦੀ ਸਥਾਪਨਾ ਹੈ। ਇਹ ਰੱਬੀ ਰਾਜ ਹੈ–'ਵਾਹਿਗੁਰੂ ਜੀ ਕੀ ਫ਼ਤਹ' ਅਤੇ ਇਸ ਰਾਜ ਨੂੰ ਸਥਾਪਨ ਕਰਨਾ ਖਾਲਸੇ ਦਾ ਕਰਤੱਵ ਹੈ।

ਖਾਲਸੇ ਦੀ ਆਵਾਜ਼ ਕਰੋੜਾਂ ਝੂਠ ਦੀਆਂ ਅਵਾਜ਼ਾਂ ਤੇ ਭਾਰੂ ਹੈ। ਖਾਲਸੇ ਦਾ ਸੁਕਰਮ ਕਰੋੜਾਂ ਕੁਕਰਮਾਂ ਤੇ ਭਾਰੂ ਹੈ। ਖਾਲਸੇ ਦਾ ਆਤਮਿਕ ਤੇ ਸਦਾਚਾਰਕ ਬਲ ਕਰੋੜਾਂ ਕਪਟੀਆਂ ਤੇ ਭਾਰੂ ਹੈ। ਇਸੇ ਲਈ ਖਾਲਸਾ 'ਸਵਾ ਲੱਖ' ਤੋਂ ਭਾਰੂ ਹੈ।... ...

ਖਾਲਸਾ ਜ਼ਿੰਦਗੀ ਦਾ ਸਰਵੋਤਮ ਆਦਰਸ਼ ਹੈ, ਇਸੇ ਲਈ ਇਹ ਲੱਖਾਂ ਕੱਚਿਆਂ ਲੋਕਾਂ ਤੋਂ ਭਾਰੂ ਹੈ।

ਖਾਲਸਾ ਅੰਮ੍ਰਿਤ ਵਿਚੋਂ ਪੈਦਾ ਹੋਇਆ ਹੈ ਅਤੇ ਖਾਲਸੇ ਵਿਚ ਅੰਮ੍ਰਿਤ ਘੁਲਿਆ ਹੋਇਆ ਹੈ। ਖਾਲਸੇ ਦੇ ਆਦਰਸ਼ ਅੰਮ੍ਰਿਤ-ਮਈ ਹਨ। ਖਾਲਸੇ ਦਾ ਧਰਮ 'ਜਪੁ' ਦਾ ਧਰਮ ਹੈ ਤੇ ਖਾਲਸੇ ਦਾ ਗਿਆਨ 'ਜਾਪੁ' ਦਾ ਗਿਆਨ ਹੈ। ਖਾਲਸੇ ਦੇ ਸ਼ਰਮ (ਯਤਨ) 'ਸ੍ਵਯਾਂ' ਦਾ ਪ੍ਰੇਮ ਪਾਲਨ ਹੈ। ਖਾਲਸੇ ਦਾ ਕਰਮ 'ਚੌਪਈ' ਦਾ ਅਨਿਆਂ ਵਿਰੁਧ ਯੁਧ ਹੈ। ਖਾਲਸੇ ਦਾ ਸੱਚ 'ਅਨੰਦ ਸਾਹਿਬ' ਦਾ ਆਦਰਸ਼ ਰੂਪ ਹੈ। ਖਾਲਸੇ ਦਾ ਜਨਮ ਵੀ ਜਪੁ, ਜਾਪੁ, ਸ੍ਵੈਯੇ, ਚੌਪਈ ਅਤੇ ਅਨੰਦੁ ਸਾਹਿਬ ਵਿਚੋਂ ਹੋਇਆ ਹੈ, ਇਹਨਾਂ ਬਾਣੀਆਂ ਦੇ ਆਦਰਸ਼ ਹੀ ਖਾਲਸਾ ਆਦਰਸ਼ ਹਨ। ਇਹਨਾਂ ਆਦਰਸ਼ਾਂ ਨੂੰ ਹੀ ਖਾਲਸੇ ਨੇ ਪਾਲਨਾ ਹੈ। ਇਨ੍ਹਾਂ ਬਾਣੀਆਂ ਦੇ ਨਿਤਨੇਮ ਦੁਆਰਾ ਹੀ ਉਹ ਰੋਜ਼ ਆਪਣੇ ਆਦਰਸ਼ਾਂ ਨੂੰ ਸੁਰਜੀਤ ਕਰਦਾ ਹੈ।

ਖਾਲਸੇ ਦਾ ਜਨਮ ਅੰਮ੍ਰਿਤ ਦੇ ਬਾਟੇ ਵਿਚੋਂ ਹੋਇਆ ਹੈ, ਇਸ ਲਈ ਖਾਲਸੇ ਦੇ ਬੋਲ, ਵਿਚਾਰ ਅਤੇ ਵਿਹਾਰ ਵਿਚ ਉਸ ਬਾਟੇ ਦੀ ਮਿਠਾਸ ਚਲ ਰਹੀ ਹੈ। ਬਾਟੇ ਵਿਚ ਪਵਿਤਰ ਜਲ ਸੀ, ਇਸ ਲਈ ਖਾਲਸੇ ਦੇ ਸੁਭਾਅ ਵਿਚ ਜਲ ਦੀ ਸੀਤਲਤਾ ਹੋਣੀ ਉਚਿਤ ਹੈ। ਖਾਲਸਾ ਜਲ ਵਾਂਗ ਪਵਿਤਰ ਤੇ ਨਿਰਮਲ ਹੋਣਾ ਉਚਿਤ ਹੈ। ਅੰਮ੍ਰਿਤ ਦਾ ਬਾਟਾ ਖੰਡੇ ਦੀ ਹਰਕਤ ਵਿਚੋਂ ਉਪਜਿਆ ਹੈ। ਖੰਡਾ ਭਗਤੀ ਤੇ ਸ਼ਕਤੀ ਦਾ ਮੇਲ ਹੈ। ਖਾਲਸੇ ਨੇ ਭਗਤੀ ਤੇ ਸ਼ਕਤੀ ਦੇ ਆਦਰਸ਼ ਨੂੰ ਨਿਭਾਣਾ ਹੈ।......

ਐਸਾ ਖਾਲਸਾ ਨਿਰਸੰਦੇਹ 'ਸਵਾ ਲੱਖ' ਤੋਂ ਵਧ ਬਲਵਾਨ ਹੈ। ਇਹੋ ਜਿਹਾ ਹੀ ਖਾਲਸਾ 'ਸਵਾ ਲੱਖ' ਨਾਲ ਲੜ ਕੇ ਉਸ ਤੇ ਜਿੱਤ ਪਾਏਗਾ।

['ਸਿਖ, ਸਿਖੀ ਅਤੇ ਸਿਧਾਂਤ' ਪੁਸਤਕ ਵਿਚੋਂ

**ਪਾਠਕ ਜੀ** (੧) ਚਿਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ।

(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਜਦੋਂ ਵੇਖੋ, ਓਦੋਂ ਹੀ ਚੰਦਾ ਮਨੀਆਰਡਰ ਰਾਹੀਂ ਭੇਜ ਦਿਓ। ਨਹੀਂ ਤਾਂ ਆਪ ਦਾ ਪਰਚਾ ਬੰਦ ਹੋ ਜਾਵੇਗਾ।

(੩) ਜੇ ਪਰਚਾ ੧੫ ਤਰੀਕ ਤਕ ਨਾ ਪੁਜੇ, ਗੁੰਮ ਗਿਆ ਸਮਝੋ। ਫਿਰ ਹੋਰ ਪਰਚਾ ਭੇਜਣ ਲਈ ਕਾਰਡ ਲਿਖੋ ਜੀ।



www.AKJ.Org

# ਵਾਹਿਗੁਰੂ ਜੀ ਕਾ ਖਾਲਸਾ
# ਵਾਹਿਗੁਰੂ ਜੀ ਕੀ ਫ਼ਤਹ॥

[ ਵਲੋਂ—ਪ੍ਰੋਫੈਸਰ ਪੂਰਨ ਸਿੰਘ ਜੀ ]

## [ਡੱਲੇ ਤੇ ਦਸਮ ਗੁਰੂ ਗੋਬਿੰਦ ਸਿੰਘ ਜੀ ਦੀ ਬਾਤ-ਚੀਤ]

**ਗੁਰੂ ਜੀ**—ਡੱਲਿਆ ! ਉਦਾਸ ਨਾ ਹੋ, ਤੇਰੇ ਆਦਮੀ ਬਹਾਦਰ ਹਨ, ਪਰ ਜਦ ਉਨ੍ਹਾਂ ਦੇ ਹੰਕਾਰ ਤੋਂ ਵਡੇਰਾ ਦੁਖ ਉਨ੍ਹਾਂ ਉਤੇ ਝੁਲ ਪਏਗਾ ਤਾਂ ਉਨ੍ਹਾਂ ਦੀ ਬਹਾਦਰੀ ਉਥੇ ਲੰਮੀ ਪੈ ਜਾਏਗੀ। ਪਰ ਜੇ ਉਨ੍ਹਾਂ ਦੀ ਬਹਾਦਰੀ ਚੜ੍ਹਦੀਆਂ ਕਲਾ ਵਿਚ ਹੈ ਤਦ ਉਸ ਬਹਾਦਰੀ ਦੀ ਨੀਂਹ ਉੱਚੀ ਜਾ ਚੜ੍ਹੀ ਹੈ; ਤਦ ਤਨ ਜਾਏਗਾ, ਧਨ ਜਾਏਗਾ, ਧਾਮ ਜਾਏਗਾ, ਸਰਬੰਸ ਜਾਏਗਾ, ਪਰ ਉਨ੍ਹਾਂ ਦੀ ਸੂਰਬੀਰਤਾ ਨਹੀਂ ਜਾਏਗੀ।

ਮਲੂਮ ਸਰੀਰ ਵੱਡਾ ਹੁੰਦਾ ਹੈ, ਪਰ ਵੱਡਾ ਮਨ ਹੈ। ਖਿਆਲ ਦਾ ਮੰਡਲ ਵਡਾ ਹੈ, ਦੁਖ ਸੁਖ ਖ਼ਿਆਲ ਵਿਚ ਵਸਦਾ ਹੈ। ਜਦੋਂ ਖ਼ਿਆਲ ਵਿਚੋਂ ਪੀੜ ਜਿਤ ਲਈਦੀ ਹੈ ਤਾਂ ਸੂਰਮਾ ਅਗੇ ਵਧ ਕੇ ਘਾਉ ਖਾ ਕੇ ਮਰਦਾ ਹੋਇਆ ਵੀ ਪੀੜ ਨਹੀਂ ਮੰਨਦਾ। ਸਤੀ (ਭਾਵੇਂ ਮਾੜਾ ਕੰਮ ਹੈ) ਚਿਖਾ ਚੜ੍ਹਦੀ ਪੀੜ ਦੀ ਪਰਵਾਹ ਨਹੀਂ ਕਰਦੀ।

ਖਿਆਲ ਵਿਚੋਂ ਪੀੜ ਤੇ ਫ਼ਤਹ ਪਾਣ ਲਈ ਖਿਆਲ ਬਲਵਾਨ ਕਰਨਾ ਲੋੜੀਏ। ਖ਼ਿਆਲ ਪੂਰਾ ਤੇ ਅਸਲੀ ਬਲਵਾਨ, ਵਾਹਿਗੁਰੂ ਦੀ ਸਮੀਪਤਾ ਨਾਲ ਹੁੰਦਾ ਹੈ। ਵਾਹਿਗੁਰੂ ਦੀ ਸਮੀਪਤਾ ਉਸ ਦੀ ਬਾਣੀ ਤੇ ਨਾਮ ਦੇ ਅਭਿਆਸ ਨਾਲ ਹੁੰਦੀ ਹੈ। ਇਸ ਕਰਕੇ ਗੁਰੂ ਘਰ ਵਿਚ ਬਾਣੀ ਤੇ ਨਾਮ ਦਾ ਪਿਆਰ ਹੈ। ਤੁਸੀਂ ਸਿਖ ਹੋ, ਪਰ ਜੰਗਲਾਂ ਵਿਚ ਵਸਦੇ ਬਾਣੀ ਨਾਮ ਨਾਲ ਘਟ ਜੁੜੇ ਹੋ। ਬਾਣੀ ਵਾਹਿਗੁਰੂ ਦਾ ਤੀਰ ਹੈ ਤੇ ਨਾਮ ਵਾਹਿਗੁਰੂ ਦਾ ਰੂਪ ਹੈ। ਬਾਣੀ ਛੇਕ ਪਾ ਕੇ ਮਨ ਵਿੰਨ੍ਹਦੀ ਹੈ ਤੇ ਨਾਮ ਪਰਵੇਸ਼ ਕਰ ਕੇ ਆਤਮਾ ਨੂੰ ਪਰਮਾਤਮਾ ਦੇ ਨਾਲ ਠਹਿਕਾ ਦੇਂਦਾ ਹੈ। ਫਿਰ ਰੱਬੀ ਰੌ ਆਤਮਾ ਵਿਚ ਹਰ ਵੇਲੇ ਆਉਂਦੀ ਰਹਿੰਦੀ ਹੈ। ਫੇਰ ਏਸ ਬੰਦੇ ਦਾ ਬਲ ਵਾਹਿਗੁਰੂ ਦੇ ਬਲ ਨਾਲ ਜੁੜ ਕੇ ਉਥੋਂ ਤਾਕਤ ਲੈਂਦਾ ਹੈ। ਇਸ ਕਰਕੇ ਅਸੀਂ ਆਖਦੇ ਹਾਂ—

"ਵਾਹਿਗੁਰੂ ਜੀ ਕਾ ਖ਼ਾਲਸਾ"

ਖ਼ਾਲਸਾ ਵਾਹਿਗੁਰੂ ਜੀ ਦਾ ਹੈ। ਐਉਂ ਨਹੀਂ ਜਿਵੇਂ ਕਿਲ੍ਹਾ ਤਲਵੰਡੀ। ਛੋਲੇ ਤੇ ਬਾਜਰਾ ਤੇਰੀ ਮਾਲਕੀ ਹੈ ਤੇ ਉਹ ਮੁਰਦਾ ਚੀਜ਼ਾਂ ਤੇਰੇ ਕਬਜ਼ੇ ਵਿਚ ਹਨ। ਪਰ ਜਿਵੇਂ ਕਿਰਨਾਂ ਸੂਰਜ ਦੀਆਂ ਹਨ, ਜਿਵੇਂ ਬੂਟੇ ਨਾਲ ਲਗਾ ਫਲ ਬੂਟੇ ਦਾ ਹੈ, ਜਿਵੇਂ ਚਸ਼ਮੇ ਦੀ ਆਡ ਨਾਲ ਲਗਾ ਸਰੋਵਰ ਚਸ਼ਮੇ ਦਾ ਹੈ, ਹਾਂ, ਡੱਲਿਆ ! ਤਿਵੇਂ ਖ਼ਾਲਸਾ ਵਾਹਿਗੁਰੂ* ਦਾ ਹੈ, ਆਪਣਾ ਤੇ ਆਪਣੇ ਨਾਲ ਪ੍ਰੋਤਾ।

ਹੁਣ ਸਮਝ ਡੱਲਿਆ ! ਜਦ ਬਾਣੀ ਨਾਲ ਸਾਡੇ ਮਨ ਦਾ ਪਰਦਾ, ਜੋ ਸਾਨੂੰ ਪਸ਼ੂ ਤੋਂ ਜੀਵ ਬਣਾ ਰਿਹਾ ਹੈ, ਫਟਿਆ ਤੇ ਨਾਮ ਨੇ ਸਾਡੇ ਅੰਦਰਲੇ ਨੂੰ ਵਾਹਿਗੁਰੂ ਨਾਲ ਜੋੜ ਦਿਤਾ, ਤਦ ਆਪਾ ਰੱਬ ਹੋ ਗਿਆ। ਉਸ ਦੇ ਨਾਲ ਹਰਦਮ ਜੁੜਿਆ, ਉਸ ਤੋਂ ਪਲ ਰਿਹਾ ਤੇ ਪਾਲਨਾ ਲੈ ਰਿਹਾ ਹੈ, ਹਰਦਮ ਉਸ ਦੇ ਸਮਰੱਥਾ ਬਲ ਤੇ ਸਾਰੇ ਗੁਣਾਂ ਦਾ ਸਾਂਝੀ-ਵਾਲ ਹੋ ਰਿਹਾ ਹੈ, ਹਰਦਮ। ਦੱਸ ਇਹ ਆਪਾ ਜੀ ਉਠਿਆ ਕਿ ਨਾ ?

* ਇਹ ਅਨੰਤ ਦੀ ਛੁਹ ਹੈ।

**ਗੁਰਬਾਣੀ ਰਹਿਤਨਾਮਾ**—ਸਿੱਖੀ ਰਹਿਤ ਲਈ ਸੇਧ ਕੇਵਲ ਗੁਰਬਾਣੀ ਹੀ ਦੇ ਸਕਦੀ ਹੈ। ਰਹਿਤ ਮਰਯਾਦਾ ਨੂੰ ਗੁਰਬਾਣੀ ਦੀ ਸੇਧ ਵਿਚ ਸਮਝਣ ਲਈ 'ਗੁਰਬਾਣੀ-ਰਹਿਤਨਾਮਾ' ਟ੍ਰੈਕਟ ਪੜ੍ਹੋ।

ਭੇਟਾ ਕੇਵਲ ਪੰਜਾਹ ਪੈਸੇ



www.AKJ.Org

**ਡੱਲਾ**—ਜੀ ਸੱਚੇ ਪਾਤਸ਼ਾਹ !

**ਗੁਰੂ ਜੀ**—ਸਮਝ ਸਰੀਰ ਦੀ ਮੌਤ——ਇਸ ਜੀ ਉਠੇ ਆਪੇ ਨੂੰ ਸਰੀਰ ਦੀ ਮੌਤ ਕੀ ਸ਼ੈਅ ਰਹੀ ? ਕੁਝ ਵੀ ਨਾ । ਮਰਨ ਦਾ ਭਰਮ ਬਿਲਾ ਗਿਆ; ਭੈ ਦੂਰ ਹੋ ਗਿਆ । ਜਿਸ ਦੇ ਅੰਦਰ ਵਾਹਿਗੁਰੂ ਦੀ ਜੋਤ ਨਾਲ ਸੰਬੰਧ ਹੋ ਕੇ ਹਰਦਮ ਭਾਸਦਾ ਹੈ ਕਿ ਆਹ ਮੈਂ ਮਿਲਿਆ ਪਿਆ ਹਾਂ, ਆਹ ਜੋਤ ਜਗ ਰਹੀ ਹੈ, ਉਹ ਆਪਣੇ ਜੀਵਨ ਨੂੰ 'ਕਦੇ ਨਾ ਮਰਨ ਵਾਲਾ' ਵੇਖ ਰਿਹਾ ਹੈ। ਉਸ ਨੂੰ ਹੁਣ ਮੌਤ ਦਾ ਕੀ ਡਰ ਹੈ ? ਉਹ ਜਾਣਦਾ ਹੈ ਕਿ ਸਰੀਰ ਤਾਂ ਰਹਿਣਾ ਹੀ ਨਹੀਂ, ਇਸ ਨੇ ਮਰਨਾ ਹੀ ਹੈ ਤੇ ਜੋ ਹਿੱਸਾ ਇਸ ਵਿਚ 'ਮੈਂ' ਦਾ ਸੀ, ਸੋ ਹੁਣ ਜਾਗਦੀ ਜੋਤ ਨਾਲ ਲੱਗ ਕੇ ਜਾਗ੍ਰਤ ਹੋ ਗਿਆ ਹੈ, ਜੀਉ ਪਿਆ ਹੈ, ਜਗਮਗਾ ਰਿਹਾ ਹੈ* । ਤਦ ਉਹ ਮੌਤ ਤੋਂ ਕਿਉਂ ਡਰਦਾ ਹੈ ? ਮੌਤ ਦਾ ਡਰ ਫ਼ਤਹ ਹੋ ਗਿਆ । ਇਹ ਖ਼ਾਲਸਾ ਹੈ ਬਈ। ਜਦੋਂ ਪੂਰਨ ਜੋਤ ਵਾਹਿਗੁਰੂ ਦੀ ਅੰਤਰ-ਆਤਮੇ ਆਪਣੇ ਵਿਚ ਜੋਤ ਜਗ ਪਈ, ਇਹ ਖ਼ਾਲਸਾ ਹੋ ਗਿਆ ਤੇ ਇਹ ਖ਼ਾਲਸਾ ਜੋਤ ਨਾਲ ਜੋ ਜਗਿਆ, ਵਾਹਿਗੁਰੂ ਦਾ ਹੋ ਗਿਆ । ਸੋ ਕਹੁ ਨਾ—

"ਵਾਹਿਗੁਰੂ ਜੀ ਕਾ ਖ਼ਾਲਸਾ"

ਹੁਣ ਉਹ ਵਾਹਿਗੁਰੂ ਸਦਾ ਹੈ ਤੇ ਇਹ ਨਾਲ ਰਲ ਕੇ ਸਦਾ ਹੋ ਗਿਆ† । ਜਦ ਇਹ ਜੋਤ ਜਗ ਪਈ, ਮੌਤ ਜਿੱਤੀ ਗਈ। ਡੱਲਿਆ ! ਲੈ ਹੋਰ ਤਰ੍ਹਾਂ ਸਮਝ—

"ਖੰਡਾ ਪ੍ਰਿਥਮੈ ਸਾਜ ਕੈ
ਜਿਨ ਸਭ ਸੰਸਾਰ ਉਪਾਇਆ।"

ਸਾਈਂ ਨੇ ਪਹਿਲੇ ਖੰਡਾ ਸਾਜਿਆ, ਖੰਡਾ— ਖੰਡਨ ਵਾਲਾ ਸ਼ਸਤ੍ਰ । ਤਦੋਂ ਜਗਤ ਬਣਾਇਆ ਜਦੋਂ ਪਹਿਲਾਂ ਜਗਤ ਨੂੰ ਭੰਨਣ ਦਾ ਸਮਾਨ ਕੀਤਾ, ਪਹਿਲਾਂ ਮੌਤ ਰਚੀ । ਸੋ ਖ਼ਾਲਸੇ ਨੂੰ ਸਮਝ ਆ ਗਈ ਕਿ ਮੌਤ ਬਰਹੱਕ ਹੈ ।

ਫੇਰ ਖ਼ਾਲਸਾ ਸੋਚਦਾ ਹੈ ਕਿ ਮੌਤ ਹੈ ਤੇ ਮੈਂ ਮਰਨਾ ਕੋਈ ਨਹੀਂ । ਤਾਂ ਤੇ ਮੌਤ ਝੂਠੀ ਹੈ, ਮੇਰਾ ਮੌਤ ਦਾ ਕੋਈ ਸੰਬੰਧ ਨਹੀਂ । ਚੋਲਾ ਬਦਲਣਾ ਹੈ, ਕਿਵੇਂ ਬਦਲ ਗਿਆ । ਅਕਸਰ ਚੋਲਾ ਪੀੜਾ ਨਾਲ ਬਦਲਦਾ ਹੈ, ਸੋ ਜਦ ਆਪ ਜੋਤ ਰੂਪ ਵਿਚ ਜਗ ਰਿਹਾ ਹੈ, ਫਿਰ ਪੀੜ ਕੀ ਤੇ ਮੌਤ ਕੀ ? ਉਹ ਫਿਰ ਪੀੜ ਤੇ ਫ਼ਤਹ ਪਾਂਦਾ ਹੈ । ਇਵੇਂ ਉਹ ਸੂਰਬੀਰ ਮੌਤ ਤੇ ਪੀੜ ਤੋਂ ਅਭੈ ਹੋ ਜਾਂਦਾ ਹੈ ।

**ਡੱਲਾ**—ਪਾਤਸ਼ਾਹ ! ਅਸੀਂ ਜਾਂਗਲੀ ਲੋਕ ਹਾਂ ਤੇ ਆਪ ਮਿਹਰਾਂ ਕਰ ਰਹੇ ਹੋ, ਪਰ ਇਕ ਮੇਰਾ ਮੂਰਖ ਦਾ ਸਹਸਾ ਮੇਟਣਾ ! ਜਦੋਂ ਮੌਤ ਬਰਹੱਕ ਦਿਸੀ ਫੇਰ ਕਿਉਂ ਸੂਰਬੀਰਤਾ ਕਰੇਗਾ, ਵੈਰਾਗ ਧਾਰ ਕੇ ਪਹਾੜਾਂ ਵਿਚ ਨਾ ਜਾ ਸਮਾਧੀ ਲਾਏਗਾ ? ਉਸ ਨੂੰ ਫ਼ਤਹ ਕਰਨ ਦਾ ਉਤਸ਼ਾਹ ਕਿ ਪਿਆਰ ਕਰਨ ਦਾ ਉਮਾਹ ਕਿ ਕੰਮ ਕਰਨ ਦਾ ਚਾਉ ਕਿਸ ਆਸਰੇ ਰਹੇਗਾ ? ਮਨ 'ਤੇ ਪੜਦਾ ਪਿਆ ਰਹੇ, ਜ਼ਿੰਦਗੀ ਅੰਦਰੋਂ ਲੈਣ ਨੂੰ, ਪਿਆਰ ਕਰਨ ਨੂੰ, ਹੱਸਣ ਖੇਡਣ ਨੂੰ ਉੱਮਲ ਰਹੇ ਤਾਂ ਹੀ ਤਾਂ ਸਾਰੇ ਕੰਮ ਹੋ ਸਕਦੇ ਹਨ । ਲੈਣ ਦੇਣ* ਦਾ ਚਾਉ ਹੀ ਤਾਂ ਕੰਮਾਂ ਵਿਚ ਲਈ ਫਿਰਦਾ ਹੈ । ਨਹੀਂ ਤਾਂ ਫਿਰ ਦਿਲ ਦਿਲਗੀਰ ਹੋ ਕੇ ਨਿੰਮੋਝੂਣਾ ਪਿਆ ਰਹੂ । ਜੀਣ ਦਾ ਕੀ ਸਵਾਦ ਤੇ ਕੰਮ ਕਰਨ ਦਾ ਕੀ ਲਾਭ ? ਖਿਮਾ ਕਰਨੀ ਮੈਂ ਜਾਂਗਲੀ ਆਦਮੀ ਹਾਂ ।

**ਗੁਰੂ ਜੀ**—ਡੱਲਿਆ ! ਡਿੱਠਾ ਨਹੀਓਂ ਨਾ, ਤਾਹੀਓਂ ਪਿਆ ਆਖਦਾ ਹੈਂ ਨਾ ! ਜਦ ਅੰਦਰ ਜੋਤ ਜਗੀ ਤਾਂ ਉਹ ਕੋਈ ਭਾਂਬੜ ਤਾਂ ਨਹੀਂ ਬਲ ਪੈਣਾ, ਉਹ ਅਸਾਡਾ ਅੰਦਰਲਾ, ਜਗਤ ਦੇ ਅਧਾਰ ਅਨੰਤ ਸੱਤਾ ਦੇ ਨਾਲ ਲਗ ਕੇ ਉਸ ਦੇ ਅਸਰ ਨਾਲ ਇਕ ਉੱਚੇ ਉਤਸ਼ਾਹ, ਉੱਚੇ ਪ੍ਰਭਾਉ, ਇਕ ਉਚਿਆਣ ਦੇ ਰੰਗ ਵਿਚ ਰਹੇਗਾ । ਉਹੋ ਅਸਲੀ ਸਤਿਆ, ਓਹੋ ਅਸਲੀ ਤਾਕਤ ਇਸ ਵਿਚ ਇਹ

---

* "ਪੂਰਨ ਜੋਤ ਜਗੈ ਘਟ ਮੈ
ਤਬ ਖਾਲਸਾ ਤਾਹਿ ਨਖਾਲਸ ਜਾਨੋ ॥"

†"ਜਹ ਅਬਿਗਤੁ ਭਗਤੁ ਤਹ ਆਪਿ ॥" (੨੯੨)
"ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ ॥"
(੧੧੦੦)

*Assertion



www.AKJ.Org

ਸੁਆਦ ਦਾ ਰੰਗ ਭਰੇਗੀ। ਇਹ ਉਸ ਵਿਚ ਜੀਏਗਾ, ਬਿਗਸੇਗਾ। ਸਾਈਂ ਅਨੰਦ ਰੂਪ ਹੈ, ਇਹ ਅਨੰਦ ਰਹੇਗਾ। ਸੋ ਅਨੰਦ ਤਾਂ ਆ ਗਿਆ। ਹੁਣ ਰਿਹਾ ਕੰਮ ਕਰਨ ਵਿਚ ਉਤਸ਼ਾਹ। ਸਾਈਂ ਸਰਬ ਸਮਰੱਥ ਹੈ। ਉਸ ਦੀ ਸਮਰੱਥਾ ਇਸ ਵਿਚ ਆਵੇਗੀ। ਸਾਈਂ ਨੇ ਜਗਤ ਰਚਿਆ ਹੈ, ਇਹ ਉਸ ਰਚਨਾ ਵਿਚ ਉਸ ਸਾਈਂ ਦੇ ਕੰਮ ਦਾ ਸਾਂਝੀਵਾਲ ਕਾਮਾ ਬਣੇਗਾ। ਸੋ ਇਹ ਗੱਲ ਅਸਾਂ ਖ਼ਾਲਸਾ ਆਦਰਸ਼ ਵਿਚ ਰਖੀ ਹੈ ਕਿ ਅੰਦਰਲਾ ਪਿਆ ਜਾਗ, ਮੌਤ ਤੇ ਪੀੜ ਗਈ ਜਿੱਤੀ, ਹੁਣ ਸਰੀਰ ਜੋ ਸਾਈਂ ਨੇ ਦਿਤਾ, ਉਸ ਨੂੰ ਸਫਲਾ ਕਰੋ। ਸਰੀਰ ਉਸ ਨੇ ਐਵੇਂ ਨਹੀਂ ਦਿਤਾ, ਇਹ ਕਿਸੇ ਕੰਮ ਵਾਸਤੇ ਹੈ। ਇਸ ਦਾ ਕੰਮ ਹੈ 'ਆਤਮ ਉਧਾਰ'। ਤੁਸੀਂ ਉਧਰੇ ਹੋ, ਹੋਰਨਾ ਨੂੰ ਉਧਾਰੋ।

ਜਦ ਉਧਰੇ ਹੋਏ ਲੋਕ ਦੂਸਰਿਆਂ ਨੂੰ ਉਧਾਰਦੇ ਹਨ, ਤਦ ਲੋਕੀ ਈਰਖਾ ਕਰਦੇ ਹਨ। ਉਹ ਬੇਪਰਵਾਹ ਆਪਣੇ ਰੰਗ ਟੁਰਦੇ ਹਨ, ਨਿਰਵੈਰ ਹੁੰਦੇ ਹਨ; ਪਰ ਲੋਕੀਂ ਉਨ੍ਹਾਂ ਨੂੰ ਤੰਗ ਕਰਦੇ ਹਨ, ਉਹ ਸਹਾਰਦੇ ਹਨ। ਇਹਨਾਂ ਲੋਕਾਂ ਦੇ ਸੱਚੇ ਸੁੱਚੇ ਤੇ ਪਵਿਤਰ ਜੀਵਨ "ਸੱਚੀ ਜ਼ਿੰਦਗੀ" ਦਿਖਾ ਦੇਂਦੇ ਹਨ। ਫੇਰ ਪੁਰਾਣੇ ਮਰ ਚੁਕੇ ਧਰਮ ਦੇ ਆਗੂ, ਮੁਰਦਾ ਪੁਜਾਰੀ ਤੇ ਪੂਜਾ ਦੇ ਧਾਨ 'ਤੇ ਪਲ ਰਹੇ ਲੋਕੀਂ, ਜਿਨ੍ਹਾਂ ਵਿਚ ਧਰਮ ਦੀ ਅੰਸ ਮੁੱਕ ਚੁਕੀ ਹੁੰਦੀ ਹੈ, ਘਬਰਾਉਂਦੇ ਹਨ, ਕਿਉਂਕਿ ਲੋਕਾਂ ਦੀ ਸ਼ਰਧਾ ਇਨ੍ਹਾਂ ਦੀ ਮੁਰਦਾ-ਪ੍ਰਸਤੀ ਤੋਂ ਹਟ ਕੇ ਜੀਊਂਦੀ ਜ਼ਿੰਦਗੀ ਵਲ ਪਲਟਾ ਖਾਂਦੀ ਹੈ। ਇਹ ਫੇਰ ਉਨ੍ਹਾਂ ਨਾਲ ਈਰਖਾ ਕਰਦੇ ਹਨ। ਇਨ੍ਹਾਂ ਦੀ ਈਰਖਾ ਦੀ ਪੇਸ਼ ਨਹੀਂ ਜਾਂਦੀ। ਫੇਰ ਇਹ ਵਕਤ ਦੇ ਹਾਕਮਾਂ ਨੂੰ ਕੋਈ ਨਾ ਕੋਈ ਬੁੱਤਾ, ਧੋਖਾ, ਲਾਲਚ ਦੇ ਕੇ ਨਾਲ ਰਲਾਂਦੇ ਹਨ। ਰਾਜਾ ਨਾਲ ਨਾ ਰਲੇ ਤਾਂ, ਰਾਜਾ ਨੂੰ ਰਾਜ-ਭੈ ਦਸਦੇ ਹਨ ਕਿ ਇਹ ਲੋਕ ਬਹੁਤ ਹੋ ਗਏ ਹਨ, ਆਪੋ ਵਿਚ ਏਕੇ ਵਾਲੇ ਹਨ, ਐਸਾ ਨਾ ਹੋਵੇ ਕੋਈ ਰਾਜ-ਉਪੱਦ੍ਰਵ ਕਰ ਦੇਣ। ਇਸ ਤਰ੍ਹਾਂ ਫੇਰ ਰਾਜਾ ਉਨ੍ਹਾਂ ਜੀਉਂਦਿਆਂ ਲੋਕਾਂ ਪਰ ਸਖ਼ਤੀ ਕਰਦਾ ਹੈ, ਉਹ ਉਤਰ ਨਹੀਂ ਦੇਂਦੇ, ਝਲਦੇ ਝਲਦੇ ਮਰ ਮਿਟਦੇ ਹਨ, ਐਉਂ ਜੋਤ ਜਗ ਜਗ ਕੇ ਬੁਝਦੀ ਹੈ, ਫੇਰ ਜਗਦੀ ਹੈ, ਫੇਰ ਬੁਝਦੀ ਹੈ। ਖ਼ਾਲਸੇ ਦੇ ਖ਼ਿਆਲ ਵਿਚ, ਖ਼ਾਲਸੇ ਦੇ ਆਦਰਸ਼ ਵਿਚ ਇਹ ਗੱਲ ਹੁਣ ਹੋਰਵੇਂ ਹੈ। ਉਹ ਇਉਂ ਹੈ ਕਿ ਜਦ ਅੰਦਰ ਜੋਤ ਜਗ ਪਈ, ਤਦ ਹੋਰਨਾਂ ਅੰਦਰ ਜੋਤ ਜਗਾ ਕੇ ਉਹਨਾਂ ਨੂੰ ਖ਼ਾਲਸੇ ਬਣਾਣਾ ਹੈ। ਤੇ ਇਸ ਕੰਮ ਵਿਚ ਉਤਸ਼ਾਹ ਤੇ ਉਮਾਹ ਅੰਦਰਲਾ ਰੱਬੀ ਪਿਆਰ ਵਾਲਾ ਹੋਣਾ ਹੈ। ਜਦੋਂ ਰੋਕਾਂ ਪੈਣ, ਜ਼ੁਲਮ ਹੋਵੇ, ਤਦ ਨਿਰਵੈਰ ਰਹਿਣਾ ਹੈ। ਪਰ ਨਿਰਵੈਰ ਰਹਿਣ ਲਈ ਜੰਗਲਾਂ ਵਿਚ ਲੁਕਣਾ ਨਹੀਂ, ਭਜ ਨਹੀਂ ਜਾਣਾ, ਮਰ ਨਹੀਂ ਜਾਣਾ, ਸਗੋਂ ਤਦੋਂ ਨਾਲ 'ਨਿਰਭਉ' ਰਹਿਣਾ ਹੈ। ਭੈ ਨਹੀਂ ਮੰਨਣਾ, ਭੈ ਦਾ ਸਮਾਂ ਆਵੇ ਤਾਂ ਸੁਰਤਿ ਉੱਚੀ ਹੋ ਕੇ ਦੁਖ ਝੱਲੇ। ਜੇ ਭਰਾਵਾਂ (ਜਾਗ ਪਿਆਂ) ਤੇ ਕਸ਼ਟ ਪਏ ਤਾਂ ਇਹ ਸਰੀਰ ਮਿਥਿਆ ਹੈ, ਉਨ੍ਹਾਂ ਦੀ ਰਾਖੀ 'ਤੇ ਇਹ ਲਾ ਦੇਵੇ। ਇਉਂ ਲੋੜ ਪਏ 'ਤੇ ਸਰੀਰ ਲਾ ਕੇ ਵੀ 'ਰਖਿਆ ਕਰਨ, ਭਲੇ ਕਰਨ ਦਾ ਉਮਾਹ' ਪਿਆਰ ਤੇ ਜ਼ਿੰਦਗੀ ਦੇ ਹੁਲਾਰੇ ਵਿਚ ਝੂਲੇਗਾ। ਇਹ ਹੁਲਾਰਾ ਹੁਣ ਖ਼ਾਲਸੇ ਨੇ ਵਰਤਣਾ ਹੈ ਤੇ ਜ਼ੁਲਮ, ਮੂਰਖਤਾ ਤੇ ਅਗਿਆਨ ਦੇ ਅਗੇ ਧਰਮ ਅਤੇ ਧਰਮੀਆਂ ਨੂੰ ਤਬਾਹ ਨਹੀਂ ਹੋਣ ਦੇਣਾ। ਸੋ ਇਹ ਆਦਰਸ਼ ਖਾਲਸੇ ਨੂੰ ਅਨਿਆਏ ਦੇ ਧੱਕੇ ਕਟਣ ਵਾਸਤੇ ਸ਼ਮਸ਼ੇਰ-ਧਾਰੀ ਬਣਾਂਦਾ ਹੈ।

ਖ਼ਾਲਸੇ ਵਿਚ, ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੋਂ ਖਾਲੀ ਮੁਰਦਾਪਨ ਦਾ ਜੋਗ ਨਹੀਂ ਰਹੇਗਾ, ਪਰ ਸਾਰੇ ਅੰਦਰਲੇ ਮਹਾਂਬਲੀ ਇਸ ਦੇ ਨੌਕਰ ਹੋ ਵਰਤਣਗੇ। ਸਾਹਿਬੀ ਇਨ੍ਹਾਂ ਦੀ ਹੋਵੇਗੀ, ਨੌਕਰੀ ਤਾਕਤਾਂ ਦੀ ਹੋਵੇਗੀ। ਲੋਭ ਰਹੇਗਾ, ਪਰਮੇਸ਼ਰ ਨਾਲ ਲੋਕਾਂ ਨੂੰ ਜੋੜਨ ਦਾ। ਕਾਮ ਕਾਮਨਾ ਰਹੇਗੀ, ਹਰ ਵੇਲੇ ਸਾਈਂ ਨਾਲ ਅੰਤਰ-ਆਤਮੇ ਲਗੇ ਰਹਿਣ ਦੀ। ਕ੍ਰੋਧ ਰਹੇਗਾ, ਆਪੇ ਨੂੰ ਹਰ ਨੀਚਤਾ ਤੋਂ ਉੱਚੇ ਰਖਣ ਦਾ। ਮੋਹ ਰਹੇਗਾ, ਗੁਰੂ ਦੇ



www.AKJ.Org

ਚਰਨਾਂ ਨਾਲ, ਗੁਰਮੁਖ ਨਾਲ, ਸਾਧ ਸੰਗਤ ਨਾਲ, ਜੀਉ ਉਠਿਆਂ ਬੰਦਿਆਂ ਨਾਲ, ਖ਼ਾਲਸੇ ਨਾਲ। ਹੰਕਾਰ ਰਹੇਗਾ, ਅਭੈ ਰਹਿਣ ਦੀ ਉਚਿਆਈ ਵਿਚ, ਅੰਦਰੋਂ ਜੋਤ ਨਾਲੋਂ ਵਿਥ ਨ ਪੈਣ ਵਿਚ, ਸ਼ਬਦ ਨਾਮ ਦੇ ਅਭਿਆਸ ਵਿਚ, ਵਿੱਥ ਨਾ ਪੈਣ ਦੇਣ ਦੀ ਸਾਵਧਾਨਤਾ ਦੇ ਰੂਪ ਵਿਚ ਸਾਵਧਾਨ ਰਹਿਣ ਵਿਚ, ਆਪਣੇ ਮਨ ਉਤੇ ਕਿਸੇ ਦਾ ਮਾੜਾ ਅਸਰ-ਪ੍ਰਭਾਉ ਨਾ ਪੈਣ ਦੇਣ ਵਿਚ, ਜਗਤ ਵਲ ਨੂੰ ਮਨ ਦਾ ਰੁਖ਼ (ਫਨ ਖਿਲਰੇ ਭੁਜੰਗ ਵਰਗਾ ਦੁਖ ਦੇਣ ਵਾਲਾ ਨਾ, ਪਰ) ਕਿਸੇ ਦੇ ਅਸਰ ਹੇਠ ਆ ਕੇ ਉਸ ਅਗੇ ਮਨ ਨੂੰ ਮਫ਼ਊਲੀਅਤ ਦੀ ਹਾਲਤ ਵਿਚ ਨਾ ਲੈ ਜਾਣ ਵਾਲਾ ਰੁਖ਼, ਸਦਾ ਸਾਖੀ ਤੇ ਫ਼ਾਇਲੀਅਤ ਦੇ ਰੁਖ਼† ਵਿਚ ਰਹਿਣੇ ਦਾ। ਸੋ ਡੱਲਿਆ... ...

**ਡੱਲਾ**—ਮਹਾਰਾਜ ! ਬੁੱਧ ਮੋਟੀ ਤੇ ਠੁਲ੍ਹੀ ਹੈ।

**ਗੁਰੂ ਜੀ**—ਸੌਖੀ ਕਰ ਦਸਾਂਗੇ। ਸੋ ਡੱਲਿਆ ! ਖ਼ਾਲਸਾ ਅੰਦਰੋਂ ਜੋਤ ਨਾਲ ਲੱਗਾ ਰਹੇ, ਇਹ ਤੂੰ ਸਮਝੀਂ। ਫੇਰ ਹੋਰਨਾਂ ਦੇ ਘਟ ਜੋਤ ਜਗਾਵੇ, ਇਹ ਤੂੰ ਸਮਝੀਂ। ਤੇ ਤੀਸਰੀ ਗੱਲ ਇਹ ਹੈ ਕਿ ਜਗਤ ਨਾਲ ਨਿਰਵੈਰ ਰਹੇ, ਪਰ ਨਿਰਭਉ ਜ਼ਰੂਰ ਰਹੇ। ਨਿਰਭਉ ਰਹਿਣ ਵਾਲੇ ਨੂੰ ਜੰਗ ਤਕ ਨੌਬਤ ਜ਼ਰੂਰ ਪੁਜ ਜਾਂਦੀ ਹੈ। ਸੋ, ਜੇ ਯੁੱਧ ਆ ਪਵੇ ਤਾਂ ਆ ਪਵੇ, ਮੌਤ ਤੇ ਪੀੜ ਨੂੰ ਜਿੱਤ ਚੁਕੇ ਜੋਗੀ ਸੂਰਮੇ ਬਣਦੇ ਹਨ। ਉਨ੍ਹਾਂ ਦੀ ਸੂਰਮਤਾਈ ਜਗਤ ਤੋਂ ਨਿਰਾਲੀ ਹੁੰਦੀ ਹੈ। ਉਹ ਕੰਮ ਕਰਦੇ ਹਨ ਆਪਣੇ ਵਾਹਿਗੁਰੂ ਦੀ ਪ੍ਰਸੰਨਤਾ ਦੇ ਉਤਸ਼ਾਹ ਵਿਚ। ਜੋ ਕਰਦੇ ਹਨ, ਉਸ ਨੂੰ ਅਰਪਦੇ ਹਨ। ਉਹ ਆਪਣੇ ਨਿਜ ਦੇ, ਗ੍ਰਿਹਸਤ ਦੇ, ਪਰਵਾਰ ਦੇ, ਕੌਮ ਦੇ, ਦੇਸ਼ ਦੇ ਤੇ ਸ੍ਰਿਸ਼ਟੀ ਦੇ ਸਾਰੇ ਕੰਮ ਕਰਦੇ ਹਨ, ਪਰ ਅੰਦਰੋਂ ਹਰ ਵੇਲੇ ਅਨੰਤ ਨਾਲ, ਵਾਹਿਗੁਰੂ ਨਾਲ ਲਗੇ ਰਹਿੰਦੇ ਹਨ। ਅੰਤਰ-ਆਤਮੇ ਵਾਹਿਗੁਰੂ ਤੋਂ ਸਾਕਤ ਹੋ ਕੇ ਵਿਛੜ ਕੇ ਉਹ ਕੋਈ ਕੰਮ ਨਹੀਂ ਕਰਦੇ, ਜਿਵੇਂ ਬੱਚਾ ਮਾਂ ਦੀ ਗੋਦ ਵਿਚ ਬੈਠਾ ਹੱਸਦਾ, ਖੇਲਦਾ, ਖਾਂਦਾ, ਪੀਂਦਾ, ਉਛਲਦਾ ਹੈ; ਪਰ ਗੋਦੋਂ ਵਿਛੜ ਕੇ ਰੋਂਦਾ ਤੇ ਘਬਰਾਂਦਾ ਹੈ, ਗੋਦੀ ਦੇ ਬਾਲ ਵਾਂਗੂ ਉਹ ਜਗਤ ਦੇ ਸਾਰੇ ਕੰਮ ਡਾਢੀ ਸੂਰਮਤਾਈ ਨਾਲ, ਬਲ ਨਾਲ, ਉਤਸ਼ਾਹ ਨਾਲ ਕਰਦੇ ਹਨ। ਕੰਮ ਕਰਦੇ ਹਨ, ਪਰ ਸਾਕਤ ਨਹੀਂ ਹੁੰਦੇ; ਲਿਵ, ਲਗਨ, ਲਗਾਉ ਵਿਚ ਰਹਿ ਕੇ ਕਰਦੇ ਹਨ।

ਤੇਰੇ ਭਰਾ ਬੜੇ ਸੂਰਮੇ ਹਨ, ਪਰ ਖ਼ਾਲਸੇ ਵਰਗੇ ਨਹੀਂ। ਉਹ ਕਿਸੇ ਲੋਭ ਲਈ ਲੜਨਗੇ, ਕਿਸੇ ਭੈ ਪਿਆਂ ਲੜਨਗੇ, ਕਿਸੇ ਰਾਖੀ ਲਈ ਜੂਝਣਗੇ। ਜਦੋਂ ਆਪਣੇ ਤੋਂ ਬਲ ਵਧੇਰਾ ਪੈ ਜਾਇਗਾ, ਹਾਰ ਮੰਨ ਜਾਣਗੇ। ਜਦੋਂ ਜਿੱਤ ਜਾਣਗੇ, ਹੰਕਾਰ ਦੇ ਗੱਡੇ ਚੜ੍ਹ ਜਾਣਗੇ। ਫੇਰ ਉਹ ਜ਼ੁਲਮ, ਧੱਕੇ, ਵਧੀ-ਕੀਆਂ ਆਪ ਕਰਨਗੇ ਜਿਨ੍ਹਾਂ ਲਈ ਉਨ੍ਹਾਂ ਵੈਰੀ ਨੂੰ ਮਾਰਿਆ ਸੀ। ਫੇਰ ਉਹ ਜਗਤ-ਨਿਆਉਂ ਵਿਚ ਆਪ ਮਾਰੇ ਜਾਣ ਦੇ ਜੋਗ ਬਣ ਜਾਣਗੇ। ਜੇ ਡੱਲਿਆ ! ਉਹ ਹਾਰ ਜਾਣਗੇ ਤਾਂ ਜਿੱਤੇ ਹੋਏ ਵੈਰੀ ਦੇ ਅਗੇ ਆਪਣਾ ਮਨ ਵੀ ਹਾਰ ਦੇਣਗੇ, ਸੁਰਤਿ ਤੇ ਰੂਹ ਵੀ ਤਬਾਹ ਕਰ ਬੈਠਣਗੇ। ਮਨ ਗੁਲਾਮੀ ਵਿਚ, ਸਰੀਰ ਗੁਲਾਮੀ ਵਿਚ ਟੁਰ ਜਾਇਗਾ। ਐਉਂ ਉਹ ਆਪ ਤੇ ਉਨ੍ਹਾਂ ਤੋਂ ਬਣੀ ਕੌਮ ਮੁਰਦਾਰ ਹੋ ਜਾਇਗੀ।

ਹਾਂ, ਡੱਲਿਆ ! ਹੰਕਾਰ ਦੇ ਆਸਰੇ ਆਦਮੀ ਸੂਰਮਗਤੀ ਕਰ ਗੁਜ਼ਰਦਾ ਹੈ, ਕੁਰਬਾਨ ਵੀ ਹੋ ਜਾਂਦਾ ਹੈ। ਪਰ ਨਿਰੇ ਹੰਕਾਰ ਦੇ ਆਸਰੇ ਵਾਲਿਆਂ ਨੂੰ ਤ੍ਰੈ ਡਰ ਹਨ —— (੧) ਜਦੋਂ ਆਪਣੇ ਤੋਂ ਵੱਡੇ ਹੰਕਾਰੀ, ਵੱਡੇ ਬਲ ਵਾਲੇ ਤੇ ਵੱਡੇ ਜੱਥੇਬੰਦ ਨਾਲ ਟਕਰਨਗੇ, ਤਦ ਹਾਰ ਜਾਣਗੇ। (੨) ਹਾਰ ਕੇ, ਦੇਸ, ਧਨ ਧਾਮ ਦੇਂਦੇ ਹੋਏ ਮਨ ਕਰਕੇ ਗ਼ੁਲਾਮ ਹੋ ਜਾਣਗੇ ਤੇ ਅੰਤ ਮੁਰਦੇਹਾਣ ਵਰਤੇਗੀ। (੩) ਜੇ ਜਿੱਤ ਗਏ ਤਾਂ ਆਪ ਜ਼ਾਲਮ, ਧੱਕੇ-ਖ਼ੋਰ ਬਣਨਗੇ; ਧੱਕੇ ਨਾਲ ਧਨ 'ਕਠਾ ਕਰ ਕੇ ਧਨੀ ਬਣਨਗੇ, ਧਨੀ ਹੋ ਕੇ ਐਸ਼ ਵਿਚ ਪੈਣਗੇ, ਐਸ਼ ਤੋਂ ਨਿਰਬਲ ਹੋ ਜਾਣਗੇ, ਨਿਰਬਲ ਹੋ ਕੇ ਫੇਰ ਮਨ ਆ-ਸ਼ਕਤ ਤੇ ਮੁਰਦਾ ਹੋ ਕੇ ਸਰੀਰ, ਮਨ ਤੇ ਆਤਮਾ ਦਾ ਬਲ ਖੀਨ ਹੋ ਜਾਇਗਾ। ਚੌਥਾ ਉਨ੍ਹਾਂ ਦਾ ਇਕ, ਨਿਸਚੇ ਨੁਕਸਾਨ ਹੋਵੇਗਾ ਕਿ ਉਹ

† Subjective attitude.



www.AKJ.Org

ਪਰਲੋਕ ਗੁਆ ਲੈਣਗੇ। ਗੁਰੂ ਬਾਬੇ ਨੇ ਦਸਿਆ ਹੈ:–

ਸੂਰੇ ਏਹਿ ਨ ਆਖੀਅਹਿ
ਅਹੰਕਾਰਿ ਮਰਹਿ ਦੁਖੁ ਪਾਵਹਿ ॥
ਅੰਧੇ ਆਪੁ ਨ ਪਛਾਣਨੀ
ਦੂਜੈ ਪਚਿ ਜਾਵਹਿ ॥
ਅਤਿ ਕਰੋਧ ਸਿਉ ਲੂਝਦੇ
ਅਗੈ ਪਿਛੈ ਦੁਖੁ ਪਾਵਹਿ ॥
ਹਰਿ ਜੀਉ ਅਹੰਕਾਰੁ ਨ ਭਾਵਈ
ਵੇਦ ਕੂਕਿ ਸੁਣਾਵਹਿ ॥
ਅਹੰਕਾਰਿ ਮੁਏ ਸੇ ਵਿਗਤੀ ਗਏ
ਮਰਿ ਜਨਮਹਿ ਫਿਰਿ ਆਵਹਿ ॥੯॥†

ਸੋ ਨਿਰਾ ਹੰਕਾਰੀ ਜਿਤੇ ਚਾਹੇ ਹਾਰੇ, ਮਰ ਕੇ ਸੁਖੀ ਨਹੀਂ ਹੋ ਸਕਦਾ। ਇਸ ਲਈ ਨਿਰਾ ਹੰਕਾਰੀ ਸੂਰਮਾ ਆਦਰਸ਼ਕ ਸੂਰਮਾ ਨਹੀਂ ਹੈ।

ਖ਼ਾਲਸਾ ਅੰਦਰੋਂ ਜੋਤ ਜਗੀ, ਸਦਾ ਜਾਗਦੀ ਜੋਤ ਨੂੰ ਜਪਦਾ, ਹੰਕਾਰ ਤੋਂ ਉਠ, ਚੜ੍ਹਦੀਆਂ ਕਲਾਂ ਵਿਚ ਵਸਦਾ ਹੈ। ਸਾਰੇ ਕੰਮ ਵੀ ਕਰਦਾ ਹੈ ਤੇ ਜੰਗ ਵਿਚ ਵੀ ਜਾ ਘੁਸਦਾ ਹੈ। ਨਾ ਤਿਆਗੀ ਵਾਂਗੂ ਢਹਿੰਦੀਆਂ ਕਲਾਂ ਵਿਚ ਜਾਂਦਾ ਹੈ, ਨਾ ਹੰਕਾਰੀ ਵਾਂਗੂ ਜ਼ੋਰ-ਜ਼ੁਲਮ ਕਮਾਂਦਾ ਹੈ। ਉਹ ਜੰਗ ਵਿਚ ਜਾਂਦਾ ਹੈ, ਪਰ ਉਹ ਜੰਗ ਵਿਚ ਵੀ ਖੜੇਗਾ, ਉਹ ਧਰਮ ਪਿਛੇ, ਨੇਕੀ ਪਿਛੇ, ਉਪਕਾਰ ਪਿਛੇ ਯੁਧ ਵਿਚ ਜਾਏਗਾ, ਫਿਰ ਉਹ ਜਿੱਤ ਲਈ ਨਹੀਂ ਲੜੇਗਾ ਉਹ ...

**ਡੱਲਾ**–ਤੇ ਜੀ ! ਫੇਰ ਉਹ ਕਾਹਦੇ ਲਈ ਲੜੇਗਾ ? ਬਾਵਰਾ ਤਾਂ ਨਹੀਂ, ਐਵੇਂ ਲੜੇਗਾ ?

**ਗੁਰੂ ਜੀ**–(ਮੁਸਕ੍ਰਾ ਕੇ) ਉਹ ਜਾਣਦਾ ਹੈ, ਵਾਹਿਗੁਰੂ ਸਭ ਤੋਂ ਬਲੀ ਹੈ ਤੇ ਜਿੱਤ ਉਸ ਦੀ ਹੈ ਜੋ ਸਭ ਤੋਂ ਬਲੀ ਹੈ। ਸੋ ਜਿੱਤ ਸਦਾ ਰੱਬ ਦੀ ਹੈ ਤੇ ਅਸੀਂ ਤੈਨੂੰ ਦਸ ਆਏ ਹਾਂ ਕਿ ਖ਼ਾਲਸਾ ਉਹ ਹੈ ਜੋ ਵਾਹਿਗੁਰੂ ਦਾ ਹੋ ਚੁਕਾ ਹੈ। ਸੋ ਖ਼ਾਲਸਾ ਵਾਹਿਗੁਰੂ ਦਾ ਹੈ, ਵਾਹਿਗੁਰੂ ਦਾ ਖ਼ਾਲਸਾ ਜਾਣਦਾ ਹੈ ਕਿ ਜਿੱਤ ਸਦਾ ਵਾਹਿਗੁਰੂ ਦੀ ਹੈ, ਉਹ ਸਭ ਤੋਂ ਬਲੀ ਜੁ ਹੋਇਆ। ਹੁਣ ਤੂੰ ਸਮਝ ਲੈ ਕਿ ਖ਼ਾਲਸਾ ਵੀ ਵਾਹਿਗੁਰੂ ਦਾ ਤੇ ਜਿੱਤ ਵੀ ਵਾਹਿਗੁਰੂ ਦੀ। ਤਦ ਜਿੱਤ ਤੇ ਖ਼ਾਲਸਾ ਆਪੋ ਵਿਚ ਇਕ ਮਾਲਕ ਇਕ ਪਿਤਾ ਦੇ ਹੋਏ। ਸੋ ਜਿੱਤ ਖ਼ਾਲਸੇ ਦੀ ਹੋਈ, ਇਕ ਕਰਕੇ ਖ਼ਾਲਸਾ ਜਿੱਤ ਲਈ ਨਹੀਂ ਲੜਦਾ। ਖ਼ਾਲਸਾ ਜਾਣਦਾ ਹੈ, ਜਿੱਤ ਮੇਰੇ ਵਾਹਿਗੁਰੂ ਦੀ ਹੈ ਤੇ ਮੈਂ ਵਾਹਿਗੁਰੂ ਦਾ ਹਾਂ, ਜਿੱਤ ਤਾਂ ਮੇਰਾ ਵਿਰਸਾ ਹੈ। ਮੈਂ ਜਿੱਤਣਾ ਹੈ ਤਾਂ ਉਸ ਅਮਿਤ ਬਲ ਨਾਲ, ਜੋ ਮੇਰਾ ਨਹੀਂ, ਪਰ ਅੰਦਰੋਂ ਨਾਲ ਲਗੇ ਰਹਿਣ ਕਰਕੇ ਸਾਈਂ ਵਿਚੋਂ ਮੇਰੇ ਵਿਚ ਆਉਂਦਾ ਹੈ। ਜਿੱਤ ਉਹਦੀ, ਜਿਸ ਦਾ ਬਲ ਮੇਰੇ ਵਿਚ ਆ ਰਿਹਾ ਹੈ। ਸੋ ਖ਼ਾਲਸਾ ਲੜਦਾ ਹੈ ਅਸੂਲ ਲਈ, ਸੱਚ ਲਈ। ਸੱਚ ਤੇ ਅਸੂਲ ਜਦ ਜਗਤ ਦੇ ਜ਼ੁਲਮ ਨਾਲ ਤਬਾਹ ਹੋਣ ਲਗੇ, ਤਦ ਖ਼ਾਲਸੇ ਦਾ ਨੇਮ ਹੈ ਕਿ ਬੀਰਤਾ ਨਾਲ ਉਸ ਨੂੰ ਬਚਾਵੇ। ਜਗਤ ਦੇ ਜ਼ੁਲਮ ਅਗੇ ਆਪਣਾ ਖ਼ੂਬਸੂਰਤ ਆਪਾ ਲੰਮਾ ਨਾ ਪਾ ਦੇਵੇ, ਪਰ ਬੀਰਤਾ ਨਾਲ ਜ਼ੁਲਮ ਨੂੰ ਕੱਟ ਸੁਟੇ।

**ਡੱਲਾ**–ਮਹਾਰਾਜ ਜੀ ! ਮੈਂ ਮੂਰਖ ਨੇ ਤਾਂ ਇਹ ਡਿੱਠਾ ਹੈ ਕਿ ਜੋ ਜੋਗੀ ਬਣੇ, ਵਿਰਾਗੀ ਬਣੇ ਉਹ ਫਰ ਲੁਕ ਹੀ ਗਏ, ਤੇ ਜੋ 'ਲੈ ਲੈਣ' ਵਲ ਲਗੇ ਉਹ ਜਰਵਾਣੇ, ਡਾਕੂ, ਪਠਾਣਾਂ ਮੁਗਲਾਂ ਵਰਗੇ ਜ਼ਾਲਮ ਹਾਕਮ ਬਣੇ। ਜੋਗੀਆਂ ਨੇ ਕਦੇ ਜ਼ਾਲਮਾਂ ਦਾ ਮੂੰਹ ਨਾ ਮੋੜਿਆ ਤੇ ਜ਼ਾਲਮਾਂ ਕਦੇ ਸੁਖ ਨਾ ਵਰਤਾਈ, ਨਿਆਂ ਨਾ ਕੀਤਾ।

**ਗੁਰੂ ਜੀ**–ਖ਼ਾਲਸਾ ਸੋ ਜੋ ਅੰਦਰੋਂ ਜੋਗੀ ਹੋਵੇ, ਜੋਗ 'ਨਾਮ' ਤੇ 'ਬਾਣੀ' ਦਾ। ਖ਼ਾਲਸਾ ਸੋ ਜੋ ਜ਼ਾਲਮ ਦੀ ਇੱਟ ਆਵੇ ਤਾਂ ਪੱਥਰ ਨਾਲ ਉਸ ਦੀ ਇੱਟ ਭੰਨ ਦੇਵੇ। ਆਪੇ ਤੇ ਫ਼ਤਹਯਾਬ ਹੋਵੇ, ਮੌਤ ਨੂੰ ਤੁੱਛ ਸਮਝ ਕੇ ਡਰੇ ਨਾ, ਪਰ ਅੰਦਰਲੇ ਉਮਾਹ ਨਾਲ, ਦੇਹੀ ਨੂੰ ਸਫ਼ਲਾ ਕਰੇ। ਹਰ ਇਕ ਸਿਖ ਜੋਤ ਜਗੀ ਵਾਲਾ, ਇਕ ਦੀ ਅੰਦਰੋਂ ਟੇਕ ਵਾਲਾ, ਨਿਰਭੈ ਰਹਿਣ ਵਾਲਾ, ਪਰ ਭੈ ਨਾ ਦੇਣ ਵਾਲਾ, ਨਿਰਵੈਰ ਖ਼ਾਲਸਾ ਹੈ। ਐਸੇ ਸਾਰੇ ਸਿਖਾਂ ਦਾ ਇਕੱਠ 'ਖ਼ਾਲਸਾ' ਹੈ।

†ਮਾਰੂ ਵਾਰ ਮ: ੩, ਪੰਨਾ ੧੦੮੯



www.AKJ.Org

ਗੁਰੂ ਵੀ ਖਾਲਸਾ ਹੈ, ਖਾਲਸਾ ਵੀ ਗੁਰੂ ਹੈ, ਖਾਲਸਾ ਰੱਬ ਦੀ ਗੋਦ ਵਿਚ ਖੇਲ ਰਿਹਾ ਇਕ ਰੂਹਾਨੀ ਖ਼ਿਅਲ--ਧਿਆਨ ਹੈ, ਆਦਰਸ਼ ਹੈ, ਜਿਸ ਉਤੇ ਹਰ ਸਿਖ ਦਾ ਖ਼ਿਆਲ ਟਿਕ ਰਿਹਾ ਹੈ, ਜਿਵੇਂ ਜਹਾਜ਼ ਚਲਾਉਣ ਵਾਲੇ ਦਾ ਖਿਆਲ ਚਾਨਣ-ਮੁਨਾਰੇ* ਦੇ ਦੀਵੇ ਤੇ ਟਿਕਦਾ ਹੈ । ਖਾਲਸਾ ਉਹ ਨਮੂਨਾ ਹੈ, ਜਿਸ ਉਤੇ ਆਇਆਂ ਜਗਤ ਦੀ ਕਲਿਆਨ ਹੁੰਦੀ ਹੈ ।

**ਡੱਲਾ**–ਮੈਂ ਮੂਰਖ ਨੂੰ ਮੋਟੀ ਜਿਹੀ ਗੱਲ ਦਸੋ, ਜੇ ਖਾਲਸਾ ਹਾਰ ਜਾਏ ਤਾਂ ਰਬ ਦੀ ਹਾਰ ?

**ਗੁਰ ਜੀ**–ਨਹੀਂ ਸੁਹਣਿਆ ! ਵਾਹਿਗੁਰੂ ਦੀ ਹਾਰ ਕਦੇ ਨਹੀਂ । ਜਿਸ ਨੂੰ ਤੂੰ ਹਾਰ ਕਹਿੰਦਾ ਹੈਂ ਉਹ ਵੀ ਜਿਤ ਹੁੰਦੀ ਹੈ । ਇਹੋ ਤਾਂ ਖਾਲਸੇ ਦਾ ਮਨ ਨੀਵਾਂ ਹੈ ਤੇ ਮਨ, ਉੱਚੀ ਮੱਤ ਦੇ ਵਸ ਵਿਚ ਹੈ ਤੇ ਉਹ ਮੱਤ ਵਾਹਿਗੁਰੂ ਦੀ ਰਖਵਾਲੀ ਵਿਚ ਟੁਰਦੀ ਹੈ ਤੇ ਦਸਦੀ ਹੈ ਕਿ ਜੋ ਹਾਰ ਹੈ, ਇਸ ਦਾ ਫਲ ਜਿੱਤ ਨਿਕਲੇਗਾ । ਵਾਹਿਗੁਰੂ ਨੇ ਭਾਣਾ ਵਰਤਾਇਆ ਹੈ, ਸਾਡੀ ਸਮਝ ਸਮਝਦੀ ਨਹੀਂ; ਇਸ ਦਾ ਫਲ ਅੱਜ ਉਹ ਜਿੱਤ ਨਹੀਂ ਸੀ, ਜੋ ਅਸੀਂ ਜਿੱਤ ਸਮਝਦੇ ਹਾਂ, ਇਸ ਦਾ ਫਲ ਅਗੇ ਚਲ ਕੇ ਜਿੱਤ ਹੈ। ਜਿਨ੍ਹਾਂ ਸਾਡੇ ਨਾਲ ਜੂਝਣ ਵਾਲਿਆਂ ਅੱਜ ਜਿੱਤ ਮਨਾਈ ਹੈ, ਇਹ ਜਿੱਤ ਉਨ੍ਹਾਂ ਦੀ ਹਾਰ ਦੀ ਨੀਂਹ ਪੱਟ ਗਈ ਹੈ । ਖਾਲਸਾ ਕਦੇ ਨਹੀਂ ਹਾਰੇਗਾ । ਜਿਸ ਦਿਨ ਨਾਮ ਨਾਲ ਪ੍ਰੀਤ ਛਡੇਗਾ, ਗੁਰਬਾਣੀ ਦਾ ਇਲਹਾਮ† ਇਸਦੇ ਅੰਦਰ ਨਾ ਰਹੇਗਾ, ਜੋਤ ਨਾਲੋਂ ਵਿੱਥ ਕਰ ਜਾਏਗਾ, ਤਦੋਂ ਫੇਰ ਜੋ ਚੁਰਾਸੀ ਦੇ ਭਾਗ ਹੁੰਦੇ ਹਨ, ਭੋਗੇਗਾ । ਜਦ ਤਕ ਪੂਰਨ ਜੋਤ ਨੂੰ ਜਪਦਾ ਹੈ, ਬਾਣੀ ਦੀ ਗ਼ਜ਼ਾ 'ਤੇ ਮਨ ਨੂੰ ਪਾਲਦਾ ਹੈ, ਨਿਰਵੈਰ ਹੈ, ਭੈ ਦੇਂਦਾ ਨਹੀਂ, ਪਰ ਭੈ ਮੰਨਦਾ ਨਹੀਂ, ਤਦ ਤਕ ਕੌਣ ਹਰਾਣ ਵਾਲਾ ਜੰਮਿਆ ਹੈ ? ਇਹੋ ਜੀਵਨ ਹੀ ਜਿੱਤ ਹੈ ਤੇ ਇਸ ਜੀਵਨ ਵਾਲਾ ਜਿਸ ਸੰਗਰਾਮ ਵਿਚ ਡਟੇਗਾ ਉਹ ਜਿੱਤੇਗਾ, ਕਦੇ ਕਿਵੇਂ, ਕਦੇ ਕਿਵੇਂ ।

ਤੂੰ ਸਮਝਦਾ ਹੈਂ, ਪਹਾੜੀਏ ਰਾਜੇ ਜਿੱਤੇ ਹਨ, ਖਾਲਸਾ ਸਮਝਦਾ ਹੈ ਕਿ ਗੁਲਾਮੀ ਦਾ ਤੌਕ ਉਨ੍ਹਾਂ ਨੇ ਆਪਣੇ ਗਲੇ ਪੀਡਾ ਕਰ ਲਿਆ ਹੈ । ਤੂੰ ਸਮਝਦਾ ਹੈਂ ਤੁਰਕਾਂ ਫਤਹ ਪਾਈ ਹੈ, ਖਾਲਸਾ ਸਮਝਦਾ ਹੈ ਕਿ ਉਨ੍ਹਾਂ ਆਪਣੀਆਂ ਜੜ੍ਹਾਂ 'ਤੇ ਕੁਹਾੜਾ ਆਪ ਮਾਰਿਆ ਹੈ । ਤੂੰ ਸਮਝਦਾ ਹੈਂ ਚਾਰ ਸਾਹਿਬਜ਼ਾਦੇ ਮਾਰੇ ਗਏ ਹਨ, ਖਾਲਸਾ ਸਮਝਦਾ ਹੈ ਉਨ੍ਹਾਂ ਦੇ ਲਹੂ ਦੀ ਬੂੰਦ ਬੂੰਦ ਤੋਂ 'ਸਦਾ ਖਾਲਸਾ ਫਲ' ਦੇਣ ਵਾਲੇ ਬ੍ਰਿਛ ਉਗ ਪਏ ਹਨ । ਤੂੰ ਸਮਝਦਾ ਹੈਂ ਮੁਗਲਾਂ ਨੇ ਖਾਲਸੇ ਤੇ ਫਤਹ ਪਾਈ ਹੈ, ਖਾਲਸਾ ਸਮਝਦਾ ਹੈ ਕਿ ਮੁਗਲ ਰਾਜ ਦੀ ਜੜ੍ਹ ਕੱਟੀ ਗਈ ਹੈ । ਜੜ੍ਹ ਕਟ ਜਾਣੀ ਫਤਹ ਹੈ। ਹੁਣ ਕਿਸੇ ਬੁੱਲੇ ਨੇ ਇਸ ਨੂੰ ਡੇਗ ਘਤਣਾ ਹੈ। 'ਸਾਈਂ ਨਾਲ ਜੁੜਿਆਂ ਨਾਲ' ਲੜ ਕੇ ਮੁਗਲਾਂ ਦੀ ਜੜ੍ਹ ਮੇਖ ਤਰੁੱਟ ਗਈ ਹੈ । ਖਾਲਸੇ ਦਾ ਯੁੱਧ ਧਰਮ-ਰੱਖਿਆ ਲਈ ਸੀ; ਧਰਮ ਪੱਕਾ ਹੋ ਗਿਆ, ਝਾੜ ਝਾੜ ਤੋਂ ਖਾਲਸਾ ਉਗਮੇਗਾ। ਤੇਰੇ ਵਰਗੇ ਖਾਲਸੇ ਸਜਣਗੇ । ਜਿਸ ਖਾਲਸੇ ਨੂੰ ਵਜੀਦਾ ਮੁਕਾ ਗਿਆ ਹੈ ਉਹ ਖਾਲਜ਼ਾ ਅਨੰਦਪੁਰ ਨਾਲੋਂ ਵਧੇਰੇ ਵਧ ਰਿਹਾ ਹੈ । ਜ਼ਾਲਮ ਸਰਹਿੰਦ ਦੀ ਇੱਟ ਨਾਲ ਇੱਟ ਖੜਕੇਗੀ, ਦਿਲੀ ਵਿਚ ਜ਼ਾਲਮ ਮੁਗ਼ਲ ਅੰਨ ਮੰਗਦੇ ਦਿਸਣਗੇ, ਤਖ਼ਤ ਤਾਜ, ਹੁਕਮ-ਹਾਸਲ ਸੁਪਨਾ ਹੋ ਜਾਣਗੇ ।

[''ਖੁਲ੍ਹੇ ਘੁੰਡ'' ਪੁਸਤਕ ਵਿਚੋਂ ਧੰਨਵਾਦ ਸਹਿਤ

*Light house †Inspiration


# ਸਿੱਖ : ਇਕ ਵੱਖਰੀ ਕੌਮ

ਸਿੱਖਾਂ ਦਾ ਧਾਰਮਿਕ, ਸਮਾਜਿਕ, ਸਭਿਆਚਾਰਕ, ਇਤਿਹਾਸਕ ਤੇ ਰਾਜਨੀਤਕ ਵਿਰਸਾ 'ਸਿੱਖ ਕੌਮ' ਦੀ ਅਟੱਲ ਸੱਚਾਈ ਨੂੰ ਪਰਮਾਣਿਤ ਕਰਦਾ ਹੈ । 'ਕੌਮ' ਦੀਆਂ ਪਰਮਾਣਿਤ ਪਰਿਭਾਸ਼ਾਵਾਂ ਦੀ ਕਸੌਟੀ ਅਨੁਸਾਰ ਵੀ ਸਿੱਖ 'ਕੌਮ' ਪਦ ਦੇ ਅਧਿਕਾਰੀ ਹਨ । ਇਸ ਪੁਸਤਕ ਵਿਚ ਦੋ ਨਵੇਂ ਲੇਖਾਂ ਸਹਿਤ ੧੩ ਵਿਦਵਾਨਾਂ ਦੇ ਲੇਖ ਹਨ, ਜੋ ਸਿੱਖ ਕੌਮ ਦੀ ਵਿਲੱਖਣ ਹੋਂਦ ਦੇ ਸੱਚ ਨੂੰ ਵੱਖ ਵੱਖ ਪੱਖਾਂ ਤੋਂ ਦ੍ਰਿੜ੍ਹਾਉਂਦੇ ਹਨ ।

ਪੰਨੇ ੨੬੪, ਭੇਟਾ ੬ ਰੁਪਏ


www.AKJ.Org

੧੯੧੯ ਦੀ ਵਿਸਾਖੀ ਸਮੇਂ

# ਜਲ੍ਹਿਆਂ ਵਾਲੇ ਬਾਗ ਦਾ ਖੂਨੀ ਸਾਕਾ

[ ਪ੍ਰੋਫੈਸਰ ਠਾਕਰ ਸਿੰਘ ਜੀ ]

ਪਹਿਲੀ ਵਡੀ ਜੰਗ ੧੯੧੪-੧੮ ਸਮਾਪਤ ਹੋ ਗਈ। ਭਰੋਸੇ ਮੂਜਬ ਭਾਰਤ ਨੂੰ ਪੂਰੀ ਅਜ਼ਾਦੀ ਨਾ ਮਿਲਣ ਕਰਕੇ ਲੋਕਾਂ ਵਿਚ ਬੜਾ ਜੋਸ਼ ਪੈਦਾ ਹੋ ਗਿਆ। ਸ੍ਰੀ ਅੰਮ੍ਰਿਤਸਰ ਤੋਂ ਡਾਕਟਰ ਕਿਚਲੂ ਅਤੇ ਡਾਕਟਰ ਸਤਿਆਪਾਲ ਗ੍ਰਿਫਤਾਰ ਕਰ ਲਏ ਗਏ।

੧੯੧੯ ਦੀ ਵਿਸਾਖੀ ਨੂੰ ਸ਼ਹਿਰ ਨਿਵਾਸੀਆਂ ਵਲੋਂ ਇਸ ਸੰਬੰਧ ਵਿਚ ਜਲ੍ਹਿਆਂ ਵਾਲੇ ਬਾਗ ਵਿਖੇ ਜਲਸਾ ਰਖ ਦਿਤਾ ਗਿਆ। ਦਾਸ ਤਦੋਂ ਖਾਲਸਾ ਕਾਲਜ ਵਿਚ ਬਾਰ੍ਹਵੀਂ ਜਮਾਤੇ ਪੜ੍ਹਦਾ ਸੀ। ਸਾਡਾ ਪ੍ਰਿੰਸੀਪਲ ਜੀ. ਏ. ਵਾਦਨ (G. A. Wathen) ਇਕ ਅੰਗਰੇਜ਼ ਸੀ। ਫ਼ੌਜੀ ਅਫਸਰਾਂ ਦੀ ਗੋਬਿੰਦਗੜ੍ਹ ਕਿਲ੍ਹੇ ਵਿਖੇ ਇਕ ਦਿਨ ਪਹਿਲਾਂ ਮੀਟਿੰਗ ਹੋਈ, ਜਿਸ ਵਿਚ ਸਾਡੇ ਪ੍ਰਿੰਸੀਪਲ ਸਾਹਿਬ ਵੀ ਸੱਦੇ ਗਏ ਸਨ। ਉਸ ਨੂੰ ਪਤਾ ਲੱਗ ਗਿਆ ਕਿ ਕਲ੍ਹ ਜਲ੍ਹਿਆਂ ਵਾਲੇ ਬਾਗ ਵਿਖੇ ਗੋਲੀ ਚਲੇਗੀ। ਕਾਲਜ ਵਿਚ ਪੁਜ ਕੇ ਉਸ ਨੇ ਸਭ ਲੜਕੇ ਇਕੱਠੇ ਕੀਤੇ ਅਤੇ ਸਭ ਨੂੰ ਵਾਰਨਿੰਗ ਦਿਤੀ ਕਿ ਚੂੰਕਿ ਕਲ੍ਹ ਜਲ੍ਹਿਆਂ ਵਾਲੇ ਬਾਗ ਵਿਚ ਗੋਲੀ ਚਲਣੀ ਹੈ ਇਸ ਕਰਕੇ ਕੋਈ ਲੜਕਾ ਉਥੇ ਜਲਸੇ ਵਿਚ ਨਾ ਜਾਵੇ।

ਅਸਾਂ ਕਈ ਲੜਕਿਆਂ ਨੇ ਇਹ ਕੁਝ ਸੁਣ ਕੇ ਵੀ ਫੈਸਲਾ ਕੀਤਾ ਕਿ ਜ਼ਰੂਰ ਜਾਣਾ ਹੈ ਅਤੇ ਦੂਜੇ ਦਿਨ ਸ਼ਾਮ ਚਾਰ ਕੁ ਵਜੇ ਬਾਗ ਵਿਚ ਪੁਜ ਗਏ।

ਜਲਸਾ ਚਾਲੂ ਸੀ ਅਤੇ ਇਕ ਜੋਸ਼ੀਲਾ ਲੀਡਰ ਲੈਕਚਰ ਦੇ ਰਿਹਾ ਸੀ। ਸਾਡੇ ਵੇਖਦਿਆਂ ਵੇਖਦਿਆਂ ਜਨਰਲ ਡਾਇਰ ਗੋਰਖੇ ਸਿਪਾਹੀ ਲੈ ਕੇ ਅੰਦਰ ਆਇਆ ਅਤੇ ਉਨ੍ਹਾਂ ਨੂੰ ਲਾਈਨ ਵਿਚ ਲਿਟਾ ਦਿਤਾ। ਬਿਨਾਂ ਵਾਰਨਿੰਗ ਜਾਂ ਚਿਤਾਵਨੀ ਦੇ ਗੋਲੀ ਚਲਾਉਣ ਦਾ ਹੁਕਮ ਦੇ ਦਿਤਾ ਗਿਆ। ਸਾਹਮਣੇ ਪਾਸੇ ਸਟੇਜ ਦੇ ਅਗੇ ਬੈਠੇ ਹੋਏ ਤਾਂ ਇਕ ਦੋ ਮਿੰਟਾਂ ਵਿਚ ਹੀ ਜ਼ਖਮੀ ਹੋ ਕੇ ਡਿਗ ਪਏ ਅਤੇ ਬਾਕੀ ਲੋਕ ਬਾਹਰ ਨਿਕਲਣ ਲਈ ਨਸ ਭਜ ਉਠੇ। ਮੈਂ ਵੀ ਦਖਣ ਦੇ ਪਾਸੇ, ਜਿਥੇ ਛੋਟੀ ਛੋਟੀ ਕੰਧ ਸੀ, ਵਲ ਦੌੜਿਆ। ਮੈਂ ਉਥੋਂ ਬੜੇ ਆਰਾਮ ਨਾਲ ਬਾਹਰ ਜਾ ਸਕਦਾ ਸਾਂ, ਪਰ ਉਥੇ ਦੀਵਾਰ ਲਾਗੇ ੧੧–੧੨ ਕੁ ਸਾਲ ਦੇ ਦੋ ਬੱਚੇ ਚੀਕਾਂ ਮਾਰ ਰਹੇ ਸਨ ਕਿ ਕੋਈ ਉਨ੍ਹਾਂ ਨੂੰ ਬਾਹਰ ਕਢੇ। ਸੋ ਮੈਂ ਇਕ ਨੂੰ ਤਾਂ ਚੁਕ ਕੇ ਬਾਹਰ ਸੁਟ ਦਿਤਾ ਅਤੇ ਦੂਜੇ ਨੂੰ ਚੁਕ ਕੇ ਸੁਟਣ ਹੀ ਲਗਾ ਸੀ ਕਿ ਪਿਛੋਂ ਮੇਰੇ ਉਪਰ ਜ਼ਖਮੀ ਹੋਏ ਲੋਕ ਆਣ ਡਿਗੇ। ਮੈਂ ਉਨ੍ਹਾਂ ਦੇ ਹੇਠਾਂ ਦਬ ਗਿਆ। ਇਕ ਸੈਕਿੰਡ ਵਿਚ ਹੀ ਮੈਨੂੰ ਖਿਆਲ ਆਇਆ ਕਿ ਜੇ ਮੈਂ ਇਥੇ ਹੀ ਰਹਿ ਗਿਆ ਤਾਂ ਇਨ੍ਹਾਂ ਜ਼ਖਮੀਆਂ ਦੇ ਹੇਠ ਹੀ ਦਮ ਘੁਟ ਕੇ ਮਰ ਜਾਵਾਂਗਾ। ਸੋ ਇਕ-ਦਮ ਉਠਣ ਲਈ ਤ੍ਰਾਣ ਲਾਇਆ ਅਤੇ ਬੜੀ ਮੁਸ਼ਕਲ ਨਾਲ ਹੇਠੋਂ ਨਿਕਲਿਆ। ਉਪਰ ਹੋ ਕੇ ਪਹਿਲਾਂ ਪਿਛੇ ਵਲ ਵੇਖਿਆ ਕਿ ਗੋਲੀ ਕਿਸ ਤਰ੍ਹਾਂ ਚਲ ਰਹੀ ਸੀ ਅਤੇ ਲੋਕੀਂ ਕਿਵੇਂ ਜ਼ਖਮੀ ਹੋ ਕੇ ਡਿਗ ਕੇ ਮਰ ਰਹੇ ਸਨ।

ਉਹ ਅਤਿ ਭਿਆਨਕ ਤੇ ਨਿਰਦਇਤਾ ਵਾਲਾ ਦ੍ਰਿਸ਼ ਮੇਰੇ ਹਿਰਦੇ ਵਿਚ ਲਥ ਗਿਆ। ਅਜ ਵੀ ਯਾਦ ਕਰਦਿਆਂ ਉਹ ਬਿਕਰਾਲ ਸੀਨ ਉਸੇ ਸ਼ਕਲ ਵਿਚ ਮੇਰੀਆਂ ਅੱਖਾਂ ਸਾਹਮਣੇ ਘੁੰਮਣ ਲਗ ਪੈਂਦਾ ਹੈ। ਮੈਂ ਛਾਲ ਮਾਰੀ ਅਤੇ ਕੰਧ ਟਪ ਕੇ ਭਜ ਨਿਕਲਿਆ। ਮੇਰੀ ਪਗੜੀ, ਪਜਾਮਾ, ਜੁੱਤੀ ਜ਼ਖਮੀਆਂ ਦੇ ਹੇਠ ਹੀ ਰਹਿ ਗਈਆਂ ਅਤੇ ਗਲੇ ਵਾਲੀ ਕਮੀਜ਼ ਖੂਨ ਨਾਲ ਲਿਬੜੀ ਹੋਈ ਸੀ। ਮੈਂ ਉਥੋਂ ਲਾਗੇ ਹੀ ਨਾਮਧਾਰੀਆਂ ਦੀ ਧਰਮਸਾਲਾ ਚਲਾ ਗਿਆ। ਉਥੇ ਜ਼ਖਮੀ ਭਜੇ ਆ ਰਹੇ ਸਨ, ਮੈਂ ਉਨ੍ਹਾਂ ਨੂੰ ਪਾਣੀ ਪਿਲਾਉਣ ਦੀ ਸੇਵਾ ਕਰਨ ਲਗ ਪਿਆ। ਪੰਦਰ੍ਹਾਂ ਮਿੰਟਾਂ ਪਿਛੋਂ ਗੋਲੀ ਚਲਣੀ ਬੰਦ ਹੋ ਗਈ। ਤੇ ਮੈਂ ਫਿਰ ਬਾਗ ਵਲ ਗਿਆ ਕਿ ਆਪਣੀ ਪਗੜੀ, ਪਜਾਮਾ ਤੇ ਜੁੱਤੀ ਲੈ ਆਵਾਂ। ਪਰ ਜਾ ਕੇ ਵੇਖਿਆ ਕਿ ਜਿਥੋਂ ਮੈਂ ਨਿਕਲਿਆ ਸਾਂ ਉਥੇ ਜ਼ਖਮੀਆਂ ਦਾ ਢੇਰ, ਦੀਵਾਰ ਦੇ ਉਪਰ ਤਕ ਲਗਾ ਹੋਇਆ ਸੀ। ਸੋ ਵਾਪਸ ਦੌੜ ਕੇ ਨਿਕਲਿਆ ਅਤੇ ਹੌਲੇ ਹੌਲੇ ਚਲ ਕੇ ਖਾਲਸਾ ਕਾਲਜ ਪੁਜਾ।

www.AKJ.Org

# ਗੁਰਸਿੱਖੀ ਜ਼ਬਤ (Discipline)

[ ਭਾਈ ਨਰੈਣ ਸਿੰਘ ਜੀ ਐਮ. ਏ., ਸਕੱਤਰ, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ]

ਹਰ ਮੁਸੀਬਤ ਮਨੁਖ ਦੇ ਵਿਕਾਸ ਦਾ ਸਾਧਨ ਹੁੰਦੀ ਹੈ। ਪਰ ਜੋ ਮਨੁੱਖ ਆਚਰਣ ਦੇ ਹੀਣੇ ਹੋਣ, ਅਤੇ ਜਿਨ੍ਹਾਂ ਦਾ ਜੀਵਨ ਨਿਤਾਪ੍ਰਤ ਦੇ ਕਿਸੇ ਜ਼ਬਤ (Discipline) ਅੰਦਰ ਨਹੀਂ ਢਲਿਆ, ਅਥਵਾ, ਜਿਨ੍ਹਾਂ ਨੂੰ ਵਿਸ਼ੇਸ਼ ਬੰਧਨਾਂ ਵਿਚ ਰਹਿਣ ਦੀ ਕਰੜਾਈ ਦਾ ਕੋਈ ਤਜਰਬਾ ਨਹੀਂ, ਉਹ ਮੁਸੀਬਤ ਪੈਣ ਪਰ ਘਾਬਰ ਜਾਂਦੇ ਹਨ ਅਤੇ ਵਿਕਾਸ ਕਰਨ ਦੀ ਬਜਾਏ ਓਹ ਆਪਣੇ ਆਪ ਨੂੰ ਨਿਤਾਣੇ ਤੇ ਕਮਜ਼ੋਰ ਮਹਿਸੂਸ ਕਰਦੇ ਹਨ। ਜ਼ਬਤ (Discipline) ਹੀ ਮਨੁਖ-ਜੀਵਨ ਦਾ ਉਹ ਧੁਰਾ ਹੈ, ਜਿਸ ਦੇ ਸਿਰ ਤੇ ਮਨੁਖ ਦੀ ਜੀਵਨ-ਗਡੀ ਸੁਖਾਵੀਂ ਰਿੜ੍ਹਦੀ ਹੈ। ਸੰਸਾਰ ਭਰ ਦਾ ਫੌਜੀ ਜੀਵਨ ਜ਼ਬਤ ਤੇ ਹੀ ਉਸਰਦਾ ਹੈ। ਜ਼ਬਤ ਅੰਦਰ ਰਿਹਾ ਵਿਦਿਆਰਥੀ ਹੀ ਸਿਖਰੇ ਪੁਜਿਆ ਕਰਦਾ ਹੈ। ਇਹ ਅਸੂਲ ਮਨੁਖ ਤੇ ਲਾਗੂ ਹੈ।

ਸਿਖ ਦਾ ਸਮੁਚਾ ਜੀਵਨ ਜ਼ਬਤ ਵਿਚ ਢਾਲਿਆ ਜੀਵਨ ਹੈ। ਧੁਰ ਆਤਮਕ ਪੱਧਰ ਤੋਂ ਲੈ ਕੇ ਸਰੀਰ, ਕੁਟੰਬ, ਭਾਈਚਾਰੇ ਅਤੇ ਸਮਾਜ ਦੇ ਪੱਧਰ ਤਕ ਇਸ ਨੇ ਨੀਯਤ ਜ਼ਬਤ ਦਾ ਪਾਲਣ ਕਰਨਾ ਹੈ। ਇਸ ਦਾ ਦਿਨ-ਰਾਤ, ਇਸ ਦਾ ਖਾਣ ਪੀਣ, ਪਹਿਨਣ, ਇਸ ਦਾ ਕਾਰ ਵਿਹਾਰ ਅਤੇ ਲੋਕ-ਵਰਤਾਰਾ ਸਮੁਚਾ ਹੀ ਜ਼ਬਤ ਅਧੀਨ ਹੈ। ਇਸ ਦਾ ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ, ਨਾਮ-ਜਿਮਰਨ, ਬਾਣੀ ਦਾ ਨਿਤਨੇਮ, ਪਾਠ, ਸਤਿਸੰਗਤ, ਧਰਮ ਦੀ ਕਿਰਤ, ਵੰਡ ਖਾਣਾ, ਪਰ-ਇਸਤ੍ਰੀ ਵਲ ਮਾਂ ਭੈਣ ਵਾਲੀ ਭਾਵਨਾ, ਨਸ਼ਿਆਂ ਦਾ ਤਿਆਗ ਅਤੇ ਸਰੀਰਕ ਖ਼ਾਲਸਈ ਰਹਿਤ, ਦਸਤਾਰ, ਇਤਿਆਦੀ ਸਾਰੇ ਜ਼ਬਤ ਹਨ, ਜਿਨ੍ਹਾਂ ਅੰਦਰ ਸਿਖ ਨੇ ਵਿਚਰਨਾ ਹੈ।

ਇਹਨਾਂ ਬੰਦਸ਼ਾਂ ਦੀ ਕਰੜਾਈ ਸਿਖ ਸੁਭਾਅ ਨੂੰ ਹਾਠਾ ਅਤੇ ਸਰੀਰ ਨੂੰ ਕਾਠਾ ਬਣਾਉਂਦੀ ਹੈ। ਇਹੋ ਇਸ ਦੇ ਆਚਰਣ ਘੜਨ ਦੀ ਟਕਸਾਲ ਹੈ। ਨਿਤਾਪ੍ਰਤ ਦਾ ਨਾਮ-ਸਿਮਰਨ ਅਤੇ ਬਾਣੀ ਦਾ ਪਾਠ, ਇਸ ਦਾ ਗੁਰੂ ਪਰ ਭਰੋਸਾ ਬੰਨ੍ਹਾਉਂਦਾ ਹੈ, ਜਿਸ ਭਰੋਸੇ ਅਤੇ ਵਿਸ਼ਵਾਸ ਸਦਕਾ ਇਹ ਕਰੜੀ ਤੋਂ ਕਰੜੀ ਮੁਸੀਬਤ ਸਹਿ ਗੁਜ਼ਰਨ ਦੇ ਯੋਗ ਹੋ ਜਾਂਦਾ ਹੈ। ਵਿਸ਼ਵਾਸ (Faith) ਹੀ ਮਨੁਖ ਦੀਆਂ ਸਫਲਤਾਵਾਂ ਦੀ ਢਾਲ ਹੈ, ਜੋ ਘਮਸਾਣ ਦੇ ਯੁਧਾਂ ਵਿਚ ਭੀ ਇਸ ਨੂੰ ਡੋਲਣ ਨਹੀਂ ਦੇਂਦੀ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਤੇ ਸਮੁਚਾ ਸਿਖ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਗੁਰੂ ਉਪਰ ਕਦੀ ਨ ਡੋਲਣ ਵਾਲੇ ਵਿਸ਼ਵਾਸ ਦੇ ਸਿਰ ਤੇ ਹੀ ਸਿਖ ਕਠਨ ਤੋਂ ਕਠਨ ਮੁਸੀਬਤਾਂ ਸਹਿਣ ਵਾਲੇ ਹੋ ਗਏ। ਸੋ ਸਿਖ ਦਾ ਅਸਲ ਸਹਾਰਾ ਉਸ ਦਾ ਗੁਰੂ ਉਤੇ ਵਿਸ਼ਵਾਸ ਹੈ, ਅਤੇ ਇਸ ਵਿਸ਼ਵਾਸ ਦੇ ਕਾਇਮ ਰਖਣ ਤੇ ਇਸ ਨੂੰ ਹੋਰ ਦ੍ਰਿੜ੍ਹ ਕਰਨ ਦਾ ਸਾਧਨ ਹੈ ਸਿੱਖੀ ਜ਼ਬਤ (Discipline)। ਇਹ ਆਤਮਕ ਭੀ ਹੈ ਅਤੇ ਸਰੀਰਕ ਭੀ। ਇਸ ਵਿਚ ਕਿਸੇ ਤਰ੍ਹਾਂ ਦੀ ਢਿਲਿਆਈ ਵਿਸ਼ਵਾਸ ਨੂੰ ਕਮਜ਼ੋਰ ਕਰਨਾ ਹੈ। ਇਸ ਤਰ੍ਹਾਂ ਇਹ ਕਹਿਣਾ ਬਣਦਾ ਹੈ ਕਿ ਸਿੱਖੀ ਜ਼ਬਤ ਹੀ ਸਿਖ ਦੀ ਸ਼ਕਤੀ ਦਾ ਆਧਾਰ ਹੈ।

ਜ਼ਬਤ ਹੀ ਸੰਗਠਨ ਜਾਂ ਜਥੇਬੰਦੀ ਦੀ ਰੂਹ ਹੋਇਆ ਕਰਦੀ ਹੈ। ਜ਼ਬਤ ਵਿਹੂਣੀ ਕੋਈ ਜਥੇਬੰਦੀ ਕਦੀ ਸਫਲ ਨਹੀਂ ਹੋਈ। ਜ਼ਬਤ ਦੇ ਜਾਣ ਨਾਲ ਇਹ ਖੇਰੂੰ ਖੇਰੂੰ ਹੋ ਕੇ ਰਹਿ ਜਾਂਦੀ ਹੈ। ਜ਼ਬਤ ਤੋਂ ਬਿਨਾਂ ਹਕੂਮਤਾਂ ਮਲੀਆਮੇਟ ਹੋ ਜਾਂਦੀਆਂ ਅਤੇ ਆਸ਼੍ਰਮ ਤੇ ਸੰਸਥਾਂ ਢਹਿ ਢੇਰੀ ਹੋ ਜਾਇਆ ਕਰਦੀਆਂ ਹਨ।

ਗੁਰੂ ਗੋਬਿੰਦ ਸਿੰਘ ਜੀ ਸਾਹਿਬ ਨੇ ਖਾਲਸੇ ਨੂੰ ਇਕ ਜ਼ਬਤ ਅੰਦਰ ਸਾਜਿਆ। ਇਹ ਜ਼ਬਤ ਨਾਮ ਦਾ ਸੀ, ਆਚਰਣ ਦਾ ਸੀ, ਗੁਰੂ ਦੇ ਕੁਟੰਬੀ ਹੋਣ ਦਾ ਸੀ ਅਤੇ ਸਿਖ ਦੀ ਰਹਿਣੀ ਤੇ ਉਸ ਦੇ ਨਿਆਰੇ ਬਾਣੇ ਦਾ ਸੀ। ਅਜਿਹੇ ਜ਼ਬਤ ਵਾਲਿਆਂ ਦਾ ਨਾਮ ਗੁਰੂ ਨੇ "ਵਾਹਿਗੁਰੂ ਜੀ ਕਾ ਖਾਲਸਾ" ਰਖਿਆ। ਜਿੰਨਾ ਚਿਰ ਅਤੇ ਜਦੋਂ ਤਕ ਸਿਖ ਇਸ ਜ਼ਬਤ ਦਾ ਪਾਬੰਧ ਹੋਇਆ, ਇਸ ਦੇ ਅੰਦਰ ਕਰੜੀ ਤੋਂ ਕਰੜੀ ਮੁਸੀਬਤ ਸਹਿਣ ਦੀ ਸਮਰੱਥਾ ਆਈ, ਇਸ ਦੀ ਫ਼ਤਹ ਹੋਈ ਅਤੇ ਸਾਰੀ ਦੁਨੀਆ ਨੇ ਇਸ ਦੀ ਸ਼ੋਭਾ ਕੀਤੀ। ਦੂਰ ਨਾ ਜਾਓ, ਪੜ੍ਹੋ ੧੯੨੧ ਦਾ ਨਨਕਾਣਾ



www.AKJ.Org

ਸਾਹਿਬ ਦਾ ਸਾਕਾ, ੧੯੨੨ ਦਾ ਗੁਰੂ ਕੇ ਬਾਗ ਦਾ ਮੋਰਚਾ ਅਤੇ ੧੯੨੪ ਵਿਚ ਗੰਗਸਰ ਜੈਤੋ ਦੇ ਸ਼ਹੀਦਾਂ ਦੀ ਵਾਰਤਾ। ਕੀ ਸਤਾਂ ਸਮੁੰਦਰਾਂ ਦੀ ਜੇਤੂ ਅੰਗਰੇਜ਼ ਸਰਕਾਰ ਉਹਨਾਂ ਸਾਹਮਣੇ ਨਹੀਂ ਝੁਕੀ ? ਕੀ ਦੁਨੀਆ ਨੇ ਇਨ੍ਹਾਂ ਉਪਰ ਫੁਲ ਨਹੀਂ ਵਰਸਾਏ ? ਕੀ ਸਿਖਾਂ ਨੂੰ ਇਹਨਾਂ ਵਿਚ ਸਫ਼ਲਤਾ ਨਹੀਂ ਹੋਈ ? ਪਰ ਇਹ ਸਭ ਕੁਝ, ਸਦਕੇ ਉਸ ਜ਼ਬਤ ਦੇ ਸੀ ਜੋ ਗੁਰੂ ਨੇ ਇਹਨਾਂ ਤੇ ਲਾਗੂ ਕੀਤਾ ਸੀ ਅਤੇ ਜਿਸ ਦੀ ਬਦੌਲਤ ਇਹ ਵਰ੍ਹਦੀਆਂ ਗੋਲੀਆਂ ਤੇ ਵਜਦੀਆ ਡਾਂਗਾਂ ਅੰਦਰ ਭੀ ਨਹੀਂ ਡੋਲੇ ਅਤੇ ਉਹ ਕੁਝ ਕਰ ਵਿਖਾਇਆ ਜਿਸ ਪਰ ਦੁਨੀਆ ਹੈਰਾਨ ਸੀ। ਕਿਸੇ ਨੂੰ ਮਾਮੂਲੀ ਸੱਟ ਮਾਰੋ ਤਾਂ 'ਹਾਇ, ਉਫ਼, ਮਰ ਗਿਆ' ਤੋਂ ਵਧ ਕੁਝ ਨਹੀਂ ਬੋਲਦਾ, ਪਰ ਇਹ ਸਿਖ ਸਨ ਜੋ ਡਾਂਗ, ਬਰਛੇ, ਗੰਡਾਸੇ ਦੇ ਹਰ ਵਾਰ ਅਤੇ ਸਰੀਰ ਅੰਦਰ ਧਸੀ ਹਰ ਗੋਲੀ ਨਾਲ ਓਦੋਂ ਤਕ 'ਸਤਿਨਾਮ ਵਾਹਿਗੁਰੂ' 'ਵਾਹਿਗੁਰੂ ਸਤਿਨਾਮ' ਬੋਲਦੇ ਜਾਂਦੇ, ਜਦ ਤਕ ਠੰਢੇ ਨਾ ਹੋ ਜਾਂਦੇ। ਕੀ ਇਹ 'ਨਾਮ' ਦੇ ਜ਼ਬਤ ਤੋਂ ਬਿਨਾਂ ਸੰਭਵ ਹੋ ਸਕਦਾ ਸੀ ? ਹਰਗਿਜ਼ ਨਹੀਂ। ਉਹਨਾਂ ਦੇ ਅੰਦਰ ਗੁਰੂ ਉਪਰ ਅਟੁਟ ਸਿਦਕ ਅਤੇ ਉਸ ਦਾ ਬਖਸ਼ਿਆ ਨਾਮ ਸਮਾਇਆ ਹੋਇਆ ਸੀ, ਜਿਸ ਲਈ ਉਹ ਵਡੇ ਤੋਂ ਵਡੇ ਕਸ਼ਟ ਵਿਚ ਭੀ ਸਤਿਨਾਮ ਵਾਹਿਗੁਰੂ ਤੋਂ ਬਿਨਾਂ ਕੁਝ ਨਹੀਂ ਸਨ ਬੋਲਦੇ। ਉਹਨਾਂ ਦੇ ਅੰਦਰ ਗੁਰੂ ਦੀ ਸੁਝਾਈ ਇਕੋ ਗੱਲ ਵਸੀ ਹੋਈ ਸੀ–

ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ ॥''

ਅਰਥਾਤ, ਉਹ ਸੂਰਮਾ ਕਾਹਦਾ ਹੋਇਆ ਜੋ ਰਣਭੂਮੀ ਅੰਦਰ ਜਾ ਕੇ ਡਰ ਮੰਨੇ, ਜਾਂ ਉਹ ਸਤੀ ਕਾਹਦੀ ਹੋਈ ਜੋ ਸਤੀ ਹੋਣ ਸਮੇਂ ਭਾਂਡੇ ਸਾਂਭਣ ਲਗ ਜਾਵੇ। ਉਹ ਤਾਂ ਆਪਣੇ ਮਨ ਨੂੰ ਇਉਂ ਸਮਝਾਉਂਦੇ ਹਨ–

ਡਗਮਗ ਛਾਡਿ ਰੇ ਮਨ ਬਉਰਾ ॥
ਅਬ ਤਉ ਜਰੇ ਮਰੇ ਸਿਧਿ ਪਾਈਐ, ਲੀਨੋ ਹਾਥਿ ਸੰਧਉਰਾ ॥ (੩੩੮)

ਇਹ ਅਵਸਥਾ ਉਨ੍ਹਾਂ ਦੀ ਹੁੰਦੀ ਹੈ, ਜੋ ਗੁਰੂ ਕੇ ਜ਼ਬਤ ਵਿਚ ਰਹਿ ਕੇ ਮਨ ਦੇ ਹਾਠੇ ਅਤੇ ਸਰੀਰ ਦੇ ਕਾਠੇ ਹੋ ਗਏ ਹੋਣ। ਉਹਨਾਂ ਦੀ ਸਾਰੀ ਸੂਝ ਤੇ ਸ਼ਕਤੀ ਗੁਰੂ ਦੀ ਹੋ ਜਾਂਦੀ ਹੈ। ਉਹ ਫਿਰ ਡਗਮਗਾਂਦੇ ਨਹੀਂ।

ਸਿਖ ਦੀ ਸਾਰੀ ਜੁਰਅੱਤ, ਮਰਦਾਨਗੀ ਤੇ ਸਫਲਤਾ ਦਾ ਇਕੋ ਇਕ ਰਾਜ਼ ਸਿੱਖੀ ਜ਼ਬਤ (ਡਿਸਿਪਲਿਨ) ਹੈ। ਅੱਜ ਅਸੀਂ ਕਮਜ਼ੋਰ ਇਸ ਲਈ ਹੋ ਗਏ ਹਾਂ ਕਿ ਅਸੀਂ ਗੁਰੂ ਕੇ ਜ਼ਬਤ ਵਿਚ ਨਹੀਂ ਰਹੇ। ਜ਼ਬਤ-ਹੀਨ ਜੀਵਨ ਨੇ ਸਾਨੂੰ ਸੁਖ-ਰਹਿਣਾ ਬਣਾ ਦਿਤਾ ਹੈ। ਸਾਡੀ ਸਾਰੀ ਸੋਚਣੀ ਸਰੀਰਕ ਸੁਖ ਅਤੇ ਐਸ਼ ਦੇ ਸਾਮਾਨ ਇਕੱਠੇ ਕਰਨ ਵਲ ਲਗ ਗਈ। ਅਸੀਂ ਜੀਭ-ਰਸ, ਅੱਖ-ਰਸ, ਕੰਨ-ਰਸ ਤੇ ਹੋਰ ਸਰੀਰਕ ਰਸਾਂ ਵਿਚ ਪੈ ਗਏ ਹਾਂ। ਫ਼ੈਸ਼ਨ-ਪ੍ਰਸਤੀ, ਗੀਤ-ਸੰਗੀਤ-ਪ੍ਰਸਤੀ, ਤਸਵੀਰ (ਸਿਨਮਾ) ਪ੍ਰਸਤੀ ਸਾਡਾ ਨਿਤ ਦਾ ਵਿਹਾਰ ਬਣ ਗਿਆ ਹੈ। ਜੋ ਹਿਰਦਾ ਦਿਨ ਰਾਤ ਐਸੀ ਦਿਲਕਸ਼ ਪ੍ਰਸਤਸ਼ (ਪੂਜਾ) ਵਿਚ ਉਲਝਿਆ ਰਹੇ, ਉਸ ਨੂੰ ਕੀ ਆਖ ਜ਼ਬਤ ਲਾਗਿਉਂ ਭੀ ਲੰਘ ਸਕੇ।...

ਇਕ ਵਡੀ ਚੇਤੇ ਰਖਣ ਵਾਲੀ ਗੱਲ ਇਹ ਹੈ ਕਿ ਕਿਸੇ ਕੌਮ ਨੂੰ ਜਿਊਂਦੀ ਰਖਣਾ, ਉਸ ਦੀ ਗਿਣਤੀ ਨਾਲੋਂ ਉਸ ਦਾ ਕਿਰਦਾਰ ਤੇ ਵਧੇਰਾ ਨਿਰਭਰ ਕਰਿਆ ਕਰਦਾ ਹੈ ਅਤੇ ਘਟ ਗਿਣਤੀ ਕੌਮ ਤਾਂ ਜ਼ਿੰਦਾ ਹੀ ਆਪਣੀ ਕਰਣੀ ਤੇ ਸੁਖਾਵੀਂ ਚਰਚਾ ਦੇ ਸਿਰ ਤੇ ਰਹਿੰਦੀ ਹੈ। ਜਿਸ ਕੌਮ ਦੇ ਬੰਦਿਆਂ ਦੀ ਮਾੜੀ ਕਰਣੀ ਕਾਰਨ ਉਸ ਦੀ ਚਰਚਾ ਭੈੜੀ ਹੋ ਜਾਏ, ਉਸ ਦੇ ਮੰਦੇ ਦਿਨ ਆਏ ਸਮਝੋ। ਦੁਨੀਆ ਦੀ ਸਾਰੀ ਵਸੋਂ ਵਿਚ ਜਿੰਨੀ ਸਾਡੀ ਗਿਣਤੀ ਘਟ ਹੈ, ਸਾਡਾ ਕਿਰਦਾਰ ਓਨਾ ਉਚਾ ਤੇ ਲੋਕ-ਪ੍ਰਿਆ ਹੋਣਾ ਚਾਹੀਦਾ ਹੈ। ਅਸੀਂ ਆਪਣੀ ਗਿਣਤੀ ਦੀ ਘਾਟ ਨੂੰ ਵਿਹਾਰ ਦੀ ਚੰਗਿਆਈ ਨਾਲ ਸਾਵਾਂ ਉਠਾ ਸਕਦੇ ਹਾਂ। ਜਿਸ ਲਈ ਦੇਸ ਅਤੇ ਪਰਦੇਸ ਦੋਹੀਂ ਥਾਈਂ ਸਾਨੂੰ ਪ੍ਰੇਮ, ਸੇਵਾ ਤੇ ਆਪਾ ਨਿਛਾਵਰ ਕਰ ਦੇਣ ਵਾਲੀ ਭਾਵਨਾ ਵਾਲੇ ਵਰਤਾਰੇ ਨਾਲ ਹੋਰ ਲੋਕਾਂ ਪ੍ਰਤੀ ਇਹ ਦ੍ਰਿੜ੍ਹ ਕਰਵਾ ਦੇਣਾ ਚਾਹੀਦਾ ਹੈ ਕਿ ਸਾਡੀ ਰਹਿਣੀ ਤੇ ਰੂਪ ਵਾਲੇ ਬੰਦਿਆਂ ਦਾ ਟੀਚਾ 'ਸਰਬੱਤ ਦਾ ਭਲਾ' ਚਾਹੁਣਾ ਹੈ। ਸਾਡਾ ਹਰ ਆਦਮੀ ਜਿਥੇ ਭੀ ਹੋਵੇ, ਇਸ ਤਰ੍ਹਾਂ ਵਿਚਰੇ ਜਿਵੇਂ ਕਿ ਉਹ ਸਮੁਚੀ ਕੌਮ ਦੀ ਨੁਮਾਇੰਦਗੀ ਕਰ ਰਿਹਾ ਹੈ। ਉਸ ਦਾ ਹਰ ਫ਼ੇਲ੍ਹ ਕੌਮ ਦੀ ਇਜ਼ਤ ਵਧਾਉਣ ਵਾਲਾ ਹੋਣਾ ਚਾਹੀਦਾ ਹੈ। ਉਸ ਦੇ ਵਿਹਾਰ ਤੋਂ ਹੀ ਲੋਕਾਂ ਦੇ ਮਨਾਂ ਵਿਚ ਕੌਮ ਦਾ ਸਤਿਕਾਰ ਵਧੇ ਅਤੇ ਲੋਕ ਉਸ ਨੂੰ ਵਧਦਾ ਫੂਲਦਾ ਵੇਖ ਕੇ ਖੁਸ਼ ਹੋਣ।......ਇਸ ਉਚੇ ਕਿਰਦਾਰ



www.AKJ.Org

ਵਾਲੇ ਜੀਵਨ ਦਾ ਆਧਾਰ ਗੁਰੂ ਦੇ ਜ਼ਬਤ (ਡਿਸਿਪਲਿਨ) ਵਿਚ ਰਹਿਣਾ ਹੈ।

......ਸਾਡਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਜਦੋਂ ਭੀ ਕਿਸੇ ਮੁਸ਼ਕਲ ਪੈਣ ਤੇ ਅਸੀਂ ਪੰਥਕ ਜ਼ਬਤ ਨੂੰ ਕਬੂਲ ਕੀਤਾ ਅਤੇ ਸਰਬ-ਭਲਾਈ ਅਤੇ ਗੁਰੂ ਪੰਥ ਦੀ ਸੇਵਾ ਲਈ ਆਪਾ ਨਿਛਾਵਰ ਕਰਨ ਦੀ ਠਾਣੀ ਤਾਂ ਸਤਿਗੁਰੂ ਨੇ ਸਾਡੀ ਬਹੁੜੀ ਕੀਤੀ। ਗੁਰੂ ਕੇ ਬਾਗ ਦੇ ਮੋਰਚੇ ਸਮੇਂ ਇਕ ਸਧਾਰਨ ਅਕਾਲੀ ਨੇ ਠੀਕ ਹੀ ਕਿਹਾ ਸੀ ਕਿ 'ਜਿਸ ਨੂੰ ਭੀ ਅਸੀਂ ਆਪਣਾ ਪ੍ਰਧਾਨ ਥਾਪ ਦੇਈਏ, ਗੁਰੂ ਉਸ ਨੂੰ ਮੋਰਚੇ ਦੀ ਸੂਝ ਬੂਝ ਦੇ ਦੇਵਗਾ।' ਆਪਣੀ ਲੀਡਰਸ਼ਿਪ ਉਪਰ ਇਸ ਕਿਸਮ ਦਾ ਵਿਸ਼ਵਾਸ ਹੀ ਕੌਮ ਨੂੰ ਸੰਗਠਤ ਰਖ ਸਕਿਆ ਕਰਦਾ ਹੈ, ਜਿਸ ਨਾਲ ਕੌਮ ਦੀ ਹਰ ਮੈਦਾਨ ਫ਼ਤਹ ਹੁੰਦੀ ਹੈ। ਪਰ ਅਜਿਹਾ ਵਿਸ਼ਵਾਸ ਪੈਦਾ ਕਰਨ ਲਈ ਲੀਡਰ ਨੂੰ ਕੌਮ ਦਾ ਰੂਪ ਧਾਰ ਲੈਣ ਦੀ ਅਤੇ ਆਪਣੇ ਵਿਚ ਸਾਰੀ ਕੌਮ ਸਮਾਈ ਵੇਖਣ ਦੀ ਲੋੜ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਇਸੇ ਵਿਚਾਰ ਅਧੀਨ ਹੀ ਖਾਲਸਾ ਸਜੇ ਸਨ। ਸੋ ਜਦੋਂ ਕੌਮ ਅਤੇ ਕੌਮ ਦੇ ਲੀਡਰਾਂ ਵਿਚਾਲੇ ਇਸ ਕਿਸਮ ਦਾ ਭਰੋਸਾ ਹੋਵੇ ਅਤੇ ਦੋਨਾਂ ਦਾ ਆਧਾਰ ਕੌਮੀ ਜ਼ਬਤ (ਡਿਸਿਪਲਿਨ) ਹੋਵੇ ਅਤੇ ਨਿਸ਼ਾਨਾ ਨਿਰੋਲ ਤੇ ਕੇਵਲ ਗੁਰਸਿਖੀ ਨੂੰ ਉੱਚਾ ਉਠਾਉਣ ਦਾ ਹੋਵੇ, ਜਿਸ ਅੰਦਰ ਨਿਜੀ ਗ਼ਰਜ਼ ਗੁਪਤ ਤੌਰ ਤੇ ਭੀ ਲੁਪਤ ਨਾ ਹੋਵੇ ਤਾਂ ਗਿਣਤੀ ਮਿਣਤੀ ਦਾ ਸਵਾਲ ਨਹੀਂ ਰਹਿ ਜਾਂਦਾ ਅਤੇ ਕੋਈ ਤਾਕਤ, ਭਾਵੇਂ ਕਿੰਨੀ ਭੀ ਬਹੁ-ਗਿਣਤੀ ਤੇ ਬਲਵਾਨ ਕਿਉਂ ਨਾ ਹੋਵੇ, ਅਜਿਹੀ ਹੋਂਦ ਨੂੰ ਖ਼ਤਮ ਜਾਂ ਨਕਾਰਾ ਨਹੀਂ ਕਰ ਸਕਦੀ, ਸਗੋਂ ਐਸੀ ਦਸ਼ਾ ਵਿਚ ਆਰਥਕ ਤੇ ਰਾਜਨੀਤਕ ਤੌਰ ਤੇ ਹੀਣੇ ਹੁੰਦੇ ਹੋਏ ਭੀ ਅਸੀਂ ਲੋਕ-ਵਡਿਆਈ ਦੇ ਪਾਤਰ ਹੋਵਾਂਗੇ। ਭਾਵੇਂ ਇਹ ਦਿਸਦਾ ਤਾਂ ਬਹੁਤ ਮੁਸ਼ਕਲ ਹੈ–

'ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ' ॥ (੨੧੯)

ਪਰ ਇਹ ਅਨਹੋਣੀ ਗੱਲ ਨਹੀਂ, ਇਸ ਵਾਸਤੇ ਸਾਨੂੰ, ਕੀ ਜਨਤਾ ਤੇ ਕੀ ਲੀਡਰ, ਗੁਰਮੁਖ ਬਣਨਾ ਪਵੇਗਾ, ਵਾਹਿਗੁਰੂ ਦਾ ਖਾਲਸਾ ਬਣਨਾ ਪਵੇਗਾ। ਹਰ ਪੱਧਰ ਤੇ ਉਦਮ ਕਰਨ ਦੀ ਲੋੜ ਹੋਵੇਗੀ, ਗੁਰੂ ਦੇ ਜ਼ਬਤ ਵਿਚ ਤੁਰਨਾ ਪਵੇਗਾ। ਪਹਿਲੋਂ ਆਪੂੰ ਜ਼ਬਤ ਵਿਚ ਆਵਾਂਗੇ, ਤਾਂ ਹੀ ਆਲਾ ਦੁਆਲਾ ਸੰਵਰੇਗਾ, ਟੱਬਰ ਤੋਂ ਭਾਈਚਾਰਾ ਸੰਵਰੇਗਾ, ਵਿਦਿਆਰਥੀ ਸੰਵਰ ਕੇ ਆਪਣੀ ਜਮਾਤ ਸਵਾਰੇਗਾ ਅਤੇ ਜਮਾਤ ਤੋਂ ਸਮੁਚਾ ਆਸ਼੍ਰਮ ਸੰਵਰੇਗਾ। ਇਕ ਫ਼ੌਜੀ ਆਪਣੇ ਯੂਨਿਟ ਨੂੰ ਅਤੇ ਇਕ ਸਿਵਿਲੀਅਨ ਆਪਣੇ ਸਮਾਜ ਨੂੰ ਸਵਾਰ ਸਕੇਗਾ। ਇਉਂ ਸੰਵਰੇ ਕੁਟੰਬਾਂ, ਆਸ਼੍ਰਮਾਂ, ਯੂਨਿਟਾਂ ਤੇ ਜਮਾਤਾਂ ਤੋਂ ਕੌਮ ਸੰਵਰੇਗੀ ਅਤੇ ਫਿਰ–

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥
ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫॥ (੧੩੮੨)

ਬਾਬਾ ਨਾਨਕ ਨੇ ਭੀ ਤਾਂ ਇਉਂ ਹੀ ਜਗਤ ਜਿਤਿਆ ਸੀ–

ਜਿਤੀ ਨਵਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ ॥੩੮॥ (੧)

# ਰਹਿਤ-ਬਹਿਤ ਭੈ-ਭਾਵਨੀ ਅੰਦਰ

ਗੁਰੂ ਕੀ ਬਖਸ਼ੀ ਰਹਿਤ-ਬਹਿਤ ਭੈ-ਭਾਵਨੀ (ਗੁਰੂ ਕੇ ਭਾਣੇ) ਵਿਚ ਰਹਿ ਕੇ ਹੀ ਨਿਭਾਈ ਜਾਵੇ ਤਾਂ ਹੀ ਸੱਚੇ ਪਾਤਸ਼ਾਹ ਦੀਆਂ ਖੁਸ਼ੀਆਂ ਮਿਲ ਸਕਦੀਆਂ ਹਨ। ਦਸਤਾਰ (ਕੇਸਕੀ) ਨੂੰ ਫ਼ੈਸ਼ਨ-ਪ੍ਰਸਤੀ ਦਾ ਅਖਾੜਾ ਬਣਾਉਣਾ ਨਿਰੀ ਮਨਮਤਿ ਹੈ। ਮਨ ਦੀ ਮਤਿ ਉਤੇ ਸਤਿਗੁਰੂ ਰੀਝ ਨਹੀਂ ਸਕਦੇ। ਗੁਰੂ ਕੀਆਂ ਖੁਸ਼ੀਆਂ ਮਨ ਦੀ ਸਾਦਗੀ ਵਿਚ ਹੀ ਹਨ। ਦਸਤਾਰ ਤੇ ਕੇਸਕੀ ਸਾਊਪੁਣੇ ਦਾ ਪ੍ਰਗਟਾਵਾ ਹੈ। ਜੇ ਦਸਤਾਰ ਜਾਂ ਕੇਸਕੀ ਨੇ ਭੀ ਮਨ ਦੀ ਚੰਚਲਤਾਈ ਦਾ ਹੀ ਪ੍ਰਗਟਾਵਾ ਕਰਨਾ ਹੈ ਤਾਂ ਇਹ ਸਤਿਗੁਰੂ ਨੂੰ ਰੀਝਾਉਣ ਵਾਲੀ ਗੁਰਮਤੀ ਰਹਿਤ ਨਹੀਂ ਅਖਵਾ ਸਕਦੀ। ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥ (੬੦੧)


www.AKJ.Org

# ਕਲਾ ਕ੍ਰਿਸ਼ਮੀਏ ਅਖੰਡਪਾਠੀ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਗਪੁਰ ਜੇਲ੍ਹ ਦੀ ਇਕ ਤੰਗ-ਤਾਰ ਕੋਠੜੀ ਵਿਚ ਬੰਦ ਹਨ। 'ਨਾਗ ਨਿਵਾਸਾਂ ਦੇ ਰਹਿਣਾ' ਵਾਲੀ ਬੈਰਾਗ ਬਿਵਸਥਾ ਬਣ ਰਹੀ ਹੈ। ਤੰਗ ਤਾਰੀਕ ਕੋਠੜੀ ਜੇਲ੍ਹ ਦੇ ਇਕਲਵਾਂਜੇ ਪਾਸੇ ਉਜਾੜ ਬੀਆਬਾਨ ਵਿਚ ਹੈ, ਜਿਧਰ ਕੋਈ ਨੇੜੇ ਫਟਕਣਾ ਨਹੀਂ ਪਾਉਂਦਾ। ਭਾਈ ਸਾਹਿਬ ਜੀ ਲਈ ਇਕਾਂਤ-ਗੁਫਾ ਹੈ। ਮਨ-ਭਾਉਂਦੇ ਖੰਡੇ ਖੜਕਾਈ ਜਾਣ, ਕੋਈ ਹਟਕਣ ਹੋੜਨ ਵਾਲਾ ਨਹੀਂ। ਇਕੱਲੇ ਦੁਕੱਲੇ ਕਿਸੇ ਜੇਲ੍ਹ-ਕਰਮਚਾਰੀ ਨੂੰ ਨੇੜੇ ਢੁਕਣ ਦਾ ਹੁਕਮ ਨਹੀਂ। ਦਿਨ ਰਾਤ ਸ਼ਾਂਤ ਇਕਾਂਤ ਬਣੀ ਰਹਿੰਦੀ ਹੈ।

ਲਖੀ ਜੰਗਲ ਵਾਲੇ ਮਾਹੀ ਦਾ ਪੋਹ ਸੁਦੀ ਸਪਤਮੀ ਗੁਰਪੁਰਬ, ਉਹਨਾਂ ਦੇ ਸਵਾ ਲੱਖੀ ਮੁਰੀਦ (ਭਾਈ ਸਾਹਿਬ ਜੀ) ਨੂੰ ਆਪਣੇ ਆਪ ਵਿਚ ਹੀ ਮਨਾਉਣਾ ਆਨਿ ਬਣਿਆ। ਗੁਰਪੁਰਬ ਸਪਤਮੀ ਦੇ ਸੁਹਾਗ ਭਾਗੀ ਸਮੇਂ ਸੋਹਣੇ ਬਝ ਗਏ। ਆਪ ਜੀ ਦੇ ਅੰਦਰੋਂ ਇਕ ਹੂਕ ਉਠੀ, "ਪਿਆਰਿਆ ! ਸ੍ਰੀ ਗੁਰੂ ਦਸਮੇਸ਼ ਮਾਹੀਆ ! ਤੇਰੇ ਲਖੀ ਜੰਗਲੋਂ ਗੁਆਤੇ ਸਵਾ ਲੱਖੀ ਮੁਰੀਦੜੇ ਨੂੰ ਅੱਜ ਇਕ ਵਾਰ ਫੇਰ ਸੱਦ ਮਾਹੀ ਦਾ ਸੁਣਾ।"

ਇਸ ਵੈਰਾਗ-ਉਮਾਹੇ ਦੇ ਉਠਣ ਦੀ ਦੇਰ ਹੀ ਸੀ ਕਿ "ਮਿਤਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ" ਵਾਲੀ ਝੋਕ ਆਮੁਹਾਰੀ ਛਿੜ ਪਈ। ਸਾਰਾ ਜੇਲ੍ਹ-ਜੰਗਲ ਗੂੰਜ ਉਠਿਆ। ਅਜਿਹਾ ਕੀਰਤਨ-ਨਾਦ ਹੋਇਆ, ਮਾਨੋ ਬੇਅੰਤ ਗੰਧਰਬ-ਕੀਰਤਨੀ-ਗੁਰਮੁਖ ਜਨ ਇਕ-ਸੁਅਰ ਹੋ ਕੇ ਨਾਲ ਕੀਰਤਨ ਗਾਇਨ ਕਰ ਰਹੇ ਹਨ। ਜਗਰਾਤੇ ਮਨਾਉਣ ਦੀਆਂ ਸ਼ੁਭ-ਲੱਛਣੀ ਨੀਸ਼ਾਨੀਆਂ ਆਨਿ ਉਦੇ ਹੋਈਆਂ ਅਤੇ ਦਰਸ-ਦੀਦਾਰ ਨਿਗਾਹ ਦੀਆਂ ਤਾਂਘਾਂ ਉਮਡ ਖਲੋਈਆਂ। ਨੈਣ ਟਟਾਰੇ ਲਗ ਗਏ।

ਇਸ ਬੈਰਾਗ ਦਸ਼ਾ ਵਿਚ ਜਿਸ ਅਨਭਵੀ ਕਾਵਿ ਦਾ ਉਘਾੜ ਭਾਈ ਸਾਹਿਬ ਜੀ ਨੂੰ ਹੋਇਆ ਉਹ ਉਸੇ ਦਸ਼ਾ ਵਿਚ ਸਤ ਦਿਨ ਰਾਤਾਂ ਲਿਖਦੇ ਹੀ ਗਏ। ਪੁਸਤਕ "ਜੋਤਿ ਵਿਗਾਸ" ਦੇ ਇਸ ਮਹਾਨ ਕਾਵਿ ਵਿਚ ਅਖੰਡ-ਪਾਠੀਆਂ ਦੇ ਕਲਾ ਕ੍ਰਿਸ਼ਮੀ ਪਾਠ ਦੀ ਜੋ ਅਨੂਪਮ ਲੀਲ੍ਹਾ ਉਲੀਕੀ ਹੋਈ ਹੈ, ਉਹ ਹੇਠ ਦੇ ਰਹੇ ਹਾਂ।

—ਸੰਪਾਦਕ

ਆਦਿ ਅੰਤ ਮਧਿਆਨ ਅਖੰਡ ਬਿਰਤੀ, ਸਾਰਾ ਪਾਠ ਨਿਰਬਿਘਨ ਲਾਹੋਲਿਆਂ ਦਾ।
ਲਾਹੇ ਪਾਠੀਆਂ ਦੇ ਨਾਲੇ ਸਰੋਤਿਆਂ ਦੇ, ਪਾਠ ਸ੍ਰੋਤ ਰਜੁ ਭਿੰਨ ਭਿੰਨੋਲਿਆਂ ਦਾ।
ਕਰਨਾ ਪਾਠ ਤਾਂ ਪਾਠ ਹੀ ਰੂਪ ਹੋਣਾ, ਪ੍ਰੇਮ ਪੂਰਨਾ ਪਹਿਰ ਪਹਿਰੋਲਿਆਂ ਦਾ।
ਇੱਕੋ ਝੱਟਿ ਪਹਿਰੁ ਪਹਿਰੁ ਪਾਠ ਕਰਨਾ, ਕੋਈ ਨਿਯਮ ਨ ਪਹਿਰ ਘੜੀਓਲਿਆਂ ਦਾ। ੪੦੮।

ਚੱਲਣ ਪ੍ਰੇਮ ਪਰਵਾਹ ਤਾਂ ਨਿਯਮ ਕੀਹਦੇ, ਅਚਰਜ ਰਾਹੁ ਰਸ ਪ੍ਰੇਮ ਨੇਮੋਲਿਆਂ ਦਾ।
ਪ੍ਰੇਮ ਝੁੱਟ ਦੇ ਰੰਗ ਅਟੁੱਟ ਲਹਿਰੇ, ਟੁੱਟੇ ਸਾਹ ਨ ਪ੍ਰੇਮ ਘੁਟੋਲਿਆਂ ਦਾ।
ਇਕੋ ਸਾਹੁ ਭਰ ਕੇ ਪਾਠ ਕਰੀ ਜਾਣਾ, ਨਾ ਹਿਸਾਬ ਪੰਨੇ ਪੱਤ੍ਰੋਲਿਆਂ ਦਾ।
ਕਈ ਕਈ ਪੰਨੇ ਸਾਹੁ ਤੁੱਟਣਾ ਨਾ, ਕਰਨਾ ਪਾਠ ਪੰਚਮ ਸੁਰ ਗੂੰਜੋਲਿਆਂ ਦਾ। ੪੦੯।

ਪੰਚਮ ਸੁਰਾਂ ਨੂੰ ਭੀ ਪਿਛੇ ਸਿੱਟ ਜਾਣਾ, ਰਸ ਅਥਾਹੁ ਨਭਿ ਸਾਹ ਚੜ੍ਹੋਲਿਆਂ ਦਾ।
ਅਤਿ ਲੰਮੜੇ ਸਾਹ ਨਭਿ ਗੈਣੀਆਂ ਦੇ, ਸਾਹੁ ਅਥਾਹੁ ਰਸੁ ਨਾਭਿ ਖਿੜੋਲਿਆਂ ਦਾ।



www.AKJ.Org

ਲੈਣੇ ਸਾਹ ਨ ਕਈ ਕਈ ਮਿੰਟ ਤੀਕਣ, ਐਸਾ ਖਿੱਚਣਾ ਧਨਖੁ ਸੁਆਸੋਲਿਆਂ ਦਾ।
ਰਸਿ ਪਿਰਮਿ ਖਿਚੀਜਣੇ ਸੁਆਸ ਆਪੇ, ਫਿਰਨਾ ਤ੍ਰਾਟ ਜਦ ਨਾਮ ਫ੍ਰਾਟੋਲਿਆਂ ਦਾ। ੪੧੦।

ਰਸਨ ਫ੍ਰਾਟੜੇ ਨਾਮ ਅਭਿਆਸ ਅੰਤਰਿ, ਥੰਮੁ ਥੰਮ੍ਹਿਆ ਥੰਮ੍ਹ ਥੰਮੋਲਿਆਂ ਦਾ।
ਥੰਮ੍ਹ ਜੋਤਿ ਰਸ ਝਰਣ ਪਰਨਾਲਿਆਂ ਦੇ, ਅੰਮ੍ਰਿਤ ਕਿਰਣੁ ਰਸੁ ਰਸਣ ਝਰਨੋਲਿਆਂ ਦਾ।
ਝਰਨੇ ਝਰਨਿ ਹਿਵਧਾਰ ਹਵਾਈਆਂ ਦੇ, ਜਿਉਂ ਜਿਉਂ ਪਵੇ ਸੁੱਰਾਟ ਸੁਰੋਲਿਆਂ ਦਾ।
ਸੁਰ ਅਲਾਪ ਜ਼ੋਰੋ ਜ਼ੋਰ ਹੋਰ ਗੂੰਜੇ, ਜਿਉਂ ਜਿਉਂ ਗਗਨ ਗੁੱਰਾਟ ਗੁੱਰੋਲਿਆਂ ਦਾ। ੪੧੧।

ਗਗਨੀ ਘੋਰ ਘਨਘੋਰ ਘਨਹੋਰ ਘੋਰੇ, ਜਿਉਂ ਜਿਉਂ ਸ਼ਬਦ ਘੁੱਰਾਟ ਘੁੱਰੋਲਿਆਂ ਦਾ।
ਕਿਣ-ਮਿਣ-ਕਾਰ ਰਸ ਉਨਮਨੀ ਧਾਰ ਬਰਸੈ, ਜਿਉਂ ਜਿਉਂ ਬਿਜਲ ਥੱਰਾਟ ਥੱਰੋਲਿਆਂ ਦਾ।
ਅਨਹਤ ਤਾਰ ਰੁਣ ਝੁਣਕਾਰ ਤੂਰ ਬੱਜੇ, ਦਾਮਨਿ ਦਮਨ ਦਮਕਾਰੁ ਦਮਕੋਲਿਆਂ ਦਾ।
ਜਿਉਂ ਜਿਉਂ ਸ਼ਬਦ ਗੂੰਜੈ ਤਿਉਂ ਤਿਉਂ ਕੰਠ ਖੁੱਲ੍ਹੇ, ਖੁਲ੍ਹ ਗਇਆ ਕਪਾਟੁ ਕੰਠੋਲਿਆਂ ਦਾ। ੪੧੨।

ਥੱਕਣਿ ਮਗਜ਼ ਨ ਕੰਠ-ਕਪਾਟੀਆਂ ਦੇ, ਸੋਮਾ ਫੁੱਟਿਆ ਸੁਧਾ ਸਰੋਲਿਆਂ ਦਾ।
ਘੁੱਟ ਸ਼ੀਰ ਦੇ ਔਣ ਅਚਰਜ ਮਿੱਠੇ, ਮਿੱਠਾ ਜਾਮ ਅਮੀਂ ਗਟਕੋਲਿਆਂ ਦਾ।
ਰਸ ਅਮੀਆਲੜੇ ਪਾਠ ਗੁਰਬਾਣੀਆਂ ਦੇ, ਅੰਮ੍ਰਿਤ ਮਿਸ਼ਟ ਗਟਾਕ ਅਮੀਓਲਿਆਂ ਦਾ।
ਕਰਿ ਕਰਿ ਹੱਲੜੇ ਪੈਣ ਗਟਾਕ ਪ੍ਰੇਮੀ, ਹੱਲਾ ਮੱਚ ਗਇਆ ਹੁਲੜੋਲਿਆਂ ਦਾ। ੪੧੩।

ਹੁੱਲਣ ਆਇਆਂ ਨੂੰ ਰਸੀਆ ਕੌਣੁ ਹੋੜੇ, ਹੁੱਲੜ ਰਸਕ ਰਸਾਲ ਰਸੀਓਲਿਆਂ ਦਾ।
ਵਧਿ ਵਧਿ ਪੈਣ ਉਮਾਹ ਕੇ ਪਾਠ ਰਸੀਏ, ਲੈਣ ਲੋਰ ਲਹਿਰਾਂ ਲਹਿਰੜੋਲਿਆਂ ਦਾ।
ਇਕ ਪਾਠ ਕਰੈ ਦੂਜੇ ਪਾਸਿ ਬੈਠਣਿ, ਜੁੜਿਆ ਪ੍ਰੇਮ ਹਰਹਟ ਹਰਿ-ਟਿੰਡੋਲਿਆਂ ਦਾ।
ਟਿੰਡਾਂ ਅਮਿਉ ਭਰੀਜੀਆਂ ਛਲਕ ਡੁਲ੍ਹਣਿ, ਡੁਲ੍ਹਿ ਡੁਲ੍ਹਿ ਪਵੈ ਰਸੁ ਪ੍ਰੇਮ ਡਲ੍ਹਕੋਲਿਆਂ ਦਾ। ੪੧੪।

ਡਲ੍ਹਕਾਂ ਮਾਰਿ ਛਲਕਣਿ ਨੂਰਿ ਨੂਰੀਆਂ ਦੇ, ਐਸਾ ਨੂਰ ਜ਼ਹੂਰ ਨੂਰੋਲਿਆਂ ਦਾ।
ਨੂਰੋ ਨੂਰ ਹੋਏ ਰਸ ਠਰੂਰ ਚੇਹਰੇ, ਠਰਿਆ ਚੋਲੜਾ ਠਾਰ ਠਰੋਲਿਆਂ ਦਾ।
ਗਹਿ ਗਚੂਲ ਲਾਲੀ ਨੂਰ ਬੁੱਕਿਆਂ ਦੀ, ਵਡ ਜਲਾਲ ਗੁਲਾਲ ਬਰੁੱਕੋਲਿਆਂ ਦਾ।
ਅੰਮ੍ਰਿਤ ਕਿਰਨ ਬਰੁੱਕੜੇ ਗੁਲ ਗੁਲਾਲੀ, ਨੂਰੀ ਗੁਲਬਦਨ ਗੁਲ ਮਜੀਠੋਲਿਆਂ ਦਾ। ੪੧੫।

ਜ਼ਰਕ਼ ਬਰਕ਼ ਜਮਾਲੀਏ ਜ਼ੁਲਜਲਾਲੀ, ਹੁਸਨ ਜਲਵਨਾ ਜਲਵੁ ਬਰਕੋਲਿਆਂ ਦਾ।
ਅੱਤ ਅਨੂਪਮੀ ਸੂਰਨ ਝਲਕਰਨ ਝਾਕਾ, ਜੋਤਿ ਕਿਰਨ ਜ਼ੱਰੀਨ ਜ਼ਰੋਲਿਆਂ ਦਾ।
ਅਖੰਡ ਪਾਠ ਬਾਣੀ ਗੁਰੂ ਕਲਾ ਕ੍ਰਿਸ਼ਮੀ, ਕਲਾ ਕ੍ਰਿਸ਼ਮੀਆ ਪਾਠ ਕ੍ਰਿਸ਼ਮੋਲਿਆਂ ਦਾ।
ਕਲਾ ਕ੍ਰਿਸ਼ਮੀਏ ਪੰਜੇ ਅਖੰਡ ਪਠੀ, ਕਲਾ ਕ੍ਰਿਸ਼ਮੀਆ ਪੁੰਜ ਪਿਆਰੋਲਿਆਂ ਦਾ। ੪੧੬।

---

**ਖਾਲਸਾ ਜੀ ਪਾਸ ਚੰਦੇ ਜਮ੍ਹਾ ਕਰਾਓ**—ਭਾਈ ਬਲਵੰਤ ਸਿੰਘ ਜੀ ਖਾਲਸਾ, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ 'ਸੂਰਾ' ਦੇ ਨਿਰਮਾਣ ਤੇ ਨਿਰਲੋਭ ਸੇਵਕ ਹਨ। ਇਨ੍ਹਾਂ ਪਾਸ 'ਸੂਰਾ' ਮਾਸਕ ਪੱਤਰ ਦੀ ਰਸੀਦ-ਬੁਕ ਹੁੰਦੀ ਹੈ। ਸਮਾਗਮਾਂ ਅਤੇ ਹੋਰ ਥਾਵਾਂ ਤੇ ਜਿਥੇ ਕਿਥੇ ਇਹ ਪੁਜਣ, ਇਨ੍ਹਾਂ ਪਾਸ ਆਪਣੇ ਤੇ ਹੋਰਨਾਂ ਸਜਣਾਂ ਮਿਤਰਾਂ ਦੇ ਚੰਦੇ ਜਮ੍ਹਾ ਕਰਾਓ ਜੀ।



www.AKJ.Org

# ਖਾਲਸਾ ਸਾਜਣ ਦਾ ਦ੍ਰਿਸ਼

[ ਗਿ: ਗੋਪਾਲ ਸਿੰਘ ਜੀ 'ਮਿੱਤਰ', ਮਾਲਬ ]

ਪਿਤਾ ਵਾਰ ਕੇ ਧਰਮ ਦੀ ਸ਼ਮਾਅ ਉੱਤੋਂ, ਦਸਮ ਪਾਤਸ਼ਾਹ ਦਿਲ ਵਿਚ ਵੀਚਾਰ ਕੀਤਾ।
ਹੱਦ ਮੁਕ ਗਈ ਏ ਸ਼ਾਂਤਿ-ਪੁਣੇ ਦੀ ਹੁਣ, ਨੌਂ ਬਾਬਿਆਂ ਜਿਹਦਾ ਸੰਚਾਰ ਕੀਤਾ।
ਬਿਨਾ ਜ਼ੋਰ ਜ਼ਮਾਨਾ ਨਹੀਂ ਜੀਣ ਦੇਂਦਾ, ਵਾਤਾਵਰਨ ਅਜਿਹਾ ਤਿਆਰ ਕੀਤਾ।
ਸ਼ਕਤਿ-ਸ਼ਾਲੀ ਸਮਾਜ ਸਥਾਪਣੇ ਲਈ, ਆਨੰਦਪੁਰੇ ਵਿਚ ਵੱਡਾ ਦਰਬਾਰ ਕੀਤਾ। ੧।
ਸੰਗਤਾਂ ਪੁਜੀਆਂ ਵੈਸਾਖੀ ਤੇ ਦਰਸ਼ਨਾਂ ਲਈ, ਗਹਿਮਾ ਗਹਿਮ ਸੀ ਭਰੇ ਦੀਵਾਨ ਅੰਦਰ।
ਅਚਾਚੇਤ ਦਸ਼ਮੇਸ਼ ਜੀ ਸ਼ੇਰ ਵਾਂਗਰ, ਆ ਕੇ ਚੜ੍ਹੇ ਸਿੰਘਾਸਨ ਤੇ ਆਣ ਅੰਦਰ।
ਚੇਹਰਾ ਲਾਲ, ਭਰਵੱਟੇ ਸੀ ਤਣੇ ਹੋਏ, ਖੜੇ ਹੋਣ ਜਿਉਂ ਰਣ ਘਮਸਾਣ ਅੰਦਰ।
ਦਿੱਸਣ ਬਿਜਲੀਆਂ ਕਰਦੀਆਂ ਨਿਰਤਕਾਰੀ, ਹੱਥ ਫੜੀ ਹੋਈ ਨੰਗੀ ਕਿਰਪਾਨ ਅੰਦਰ। ੨।
ਸੁਰ ਗਰਜਵੀਂ ਵਿਚ ਆਵਾਜ਼ ਆਈ, ਇਕ ਸੀਸ ਦੀ ਲੋੜ ਹੈ ਆਉ ਪਿਆਰੇ।
ਦੂਜੀ ਵਾਰ ਬੋਲੇ ਸ਼ਹਿਨਸ਼ਾਹ ਏਦਾਂ, ਸੀਸ ਚਾਹੀਦੈ ਦੇਰ ਨ ਲਾਉ ਪਿਆਰੇ।
ਤੀਜੀ ਵਾਰ ਵੰਗਾਰਿਆ ਬੋਲ ਉੱਚਾ, ਹਵਨ ਵਿਚ ਆਹੂਤੀ ਇਕ ਪਾਉ ਪਿਆਰੇ।
ਸਹਿਮ ਛਾ ਗਿਆ ਸੰਗਤਾਂ ਵਿਚ, ਕਿਹੜਾ ਅਜ ਸਿਰ ਦਾ ਲਾਵਸੀ ਦਾਉ ਪਿਆਰੇ? ੩।
'ਦਇਆ ਰਾਮ' ਖਤਰੇਟੇ ਨੇ ਸੀਸ ਭੇਟਾ, ਕੀਤਾ ਆਣ ਕੇ ਭਰੇ ਦੀਵਾਨ ਅੰਦਰ।
ਬਾਹੋਂ ਪਕੜ ਕੇ ਲੈ ਗਏ ਥਾਂ ਲੁਕਵੀਂ, ਕੋਈ ਵਰਤਿਆ ਕੌਤਕ ਮਹਾਨ ਅੰਦਰ।
ਲਹੂ ਭਰੀ ਤਲਵਾਰ ਲੈ ਫੇਰ ਆਏ, ਦੂਜੀ ਵਾਰ ਅਨੋਖੜੀ ਸ਼ਾਨ ਅੰਦਰ।
'ਹੋਰ ਸੀਸ ਦੀ ਲੋੜ ਹੈ' ਵਾਜ ਸੁਣ ਕੇ, ਜਾਨ ਰਹੀ ਨਾ ਕਿਸੇ ਦੀ ਜਾਨ ਅੰਦਰ। ੪।
'ਧਰਮ ਦਾਸ' ਇਕ ਜੱਟ ਨੇ ਫੇਰ ਆ ਕੇ, ਸੀਸ ਭੇਂਟ ਸਤਿਗੁਰੂ ਹਜ਼ੂਰ ਕੀਤਾ।
ਉਸੇ ਤਰ੍ਹਾਂ ਲੈ ਗਏ ਖੜਾਕ ਹੋਇਆ, ਇੰਜ ਜਾਪਦੈ ਉਹੀ ਦਸਤੂਰ ਕੀਤਾ।
ਤੀਜੀ, ਚੌਥੀ ਤੇ ਪੰਜਵੀਂ ਵਾਰ ਆ ਕੇ, ਸੀਸ ਲੈਣ ਲਈ ਫੇਰ ਮਜਬੂਰ ਕੀਤਾ।
ਲੌ ਜੀ, 'ਹਿੰਮਤ' 'ਮੁਹਕਮ' ਅਤੇ 'ਸਾਹਿਬ ਚੰਦ' ਨੂੰ, ਮਿਹਰ ਨਦਰ ਦੇ ਨਾਲ ਮਨਜ਼ੂਰ ਕੀਤਾ। ੫।
ਸੰਗਤਾਂ ਤੱਕਿਆ ਉਹੀ ਮਰਜੀਵੜੇ ਪੰਜ, ਨਵਾਂ ਜਨਮ ਲੈ ਵਿਚ ਜਹਾਨ ਆਏ।
ਸਜ ਕੇ ਸ਼ਸਤ੍ਰਾਂ ਬਸਤ੍ਰਾਂ ਸੰਗ ਨਿਕਲੇ, ਸ਼ੇਰ ਬਣੇ ਉਹ ਬਲੀ ਮਹਾਨ ਆਏ।
ਅੰਮ੍ਰਿਤ ਦਾਤਿ ਲੈ ਕੇ ਪਾਈ 'ਸਿੰਘ' ਪਦਵੀ, ਹੋ ਕੇ ਗੁਰੂ ਦਰ 'ਮਿੱਤਰ' ਪਰਵਾਨ ਆਏ।
ਖ਼ਾਲਿਸ 'ਖ਼ਾਲਸਾ' ਸਾਜਿਆ ਇੰਜ ਸਤਿਗੁਰ, ਸਿਫ਼ਤ ਮੂੰਹੋਂ ਨਾ ਕਰਨ ਬਿਆਨ ਆਏ। ੬।


## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਸੰਤ ਪਦ ਨਿਰਣਯ | ੬-੫੦ | ਗੁਰਮਤਿ ਬਿਬੇਕ | ੭-੫੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਰੰਗਲੇ ਸਜਣ | ੭-੭੦ |
| ਅਣਡਿਠੀ ਦੁਨੀਆ | ੧੦-੦੦ | ਦਰਸ਼ਨ ਝਲਕਾਂ | ੫-੦੦ |
| ਵਾਹਿਗੁਰੂ ਸਿਮਰਨ | ੦-੫੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਉਮਰ ਕੈਦੀ ਦਾ ਸੁਪਨਾ | ੦-੭੫ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਬਾਬਾ ਵੈਦ ਰੋਗੀਆਂ ਦਾ | ੦-੬੦ | ਤਿਮਰ ਅਗਿਆਨ ਤੋਂ ਉਜਿਆਰਾ | ੦-੩੦ |
| ਆਸਤਕ ਤੇ ਨਾਸਤਕ | ੦-੩੫ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਸਿੱਖੀ ਸਿਦਕ ਤੇ ਧਰਮ ਰੱਖਿਆ (ਕਾਵਿ) | ੦-੬੦ | ਜਥੇ ਦੇ ਸਿੰਘਾਂ ਦੀ ਦਾਸਤਾਨ (ਕਾਵਿ) | ੦-੮੦ |


www.AKJ.Org

# ਖ਼ਾਲਸੇ ਦਾ ਜਨਮ

[ ਸ: ਅਤਰ ਸਿੰਘ ਜੀ ਨੀਰ, ਦਿੱਲੀ-੩੪ ]

ਬੇਹਿੱਸ ਧਰਤੀ ਵੇਖ ਕੇ ਕਲਗੀਧਰ ਮਹਾਨ,
ਕੇਸਗੜ੍ਹ ਦੀ ਜੂਹ ਚਿ ਬੋਲੇ ਧੂ ਕਿਰਪਾਨ।
ਮੈਂ ਦੇਸ਼ ਜਗਾਣਾ ਸਾਥੀਓ, ਲਾ ਅਣਖਾਂ ਦੀ ਜਾਗ,
ਵਿਚ ਲਹੂ ਸਿੰਜਰ ਕੇ ਆਪਣਾ, ਇਹ ਖਿੜਾਣਾ ਬਾਗ।
ਮਾਯੂਸੀ ਤੇ ਜਬਰ ਨੂੰ, ਦੇਣਾ ਜੜ੍ਹੋਂ ਉਖਾੜ,
ਮੈਂ ਉਪਕਾਰਾਂ ਦਾ ਰੰਗਿਆ, ਖੁਲ੍ਹਾ ਕਰਾਂ ਪੁਲਾੜ।
ਮੈਂ ਕਲਰਾਂ ਸੜੀ ਭੋਂ ਵਿਚ, ਮੋੜਾਂਗਾ ਬਹਾਰ.
ਮੈਂ ਡੁਬਦੇ ਪੱਥਰ ਤਾਰਨੇ, ਬੰਨ੍ਹ ਕੇ ਵਿਚ ਕਤਾਰ।
ਮੈਂ ਮਾਂਗ ਸੰਧੂਰ ਦੀ ਰਖਣੀ, ਉਚੀ ਸਦਾ ਹੈ ਸ਼ਾਨ,
ਅਬਲਾ ਦੇ ਹਰ ਸਾਹ ਵਿਚ, ਭਰ ਦੇਵਣੀ ਜਾਨ।
ਮੈਂ ਚੂੜਿਆਂ ਦੀ ਛਣਕਾਰ ਨੂੰ, ਉਹ ਬਖਸ਼ਣਾ ਜ਼ੋਰ,
ਕੰਬਣੀ ਛੇੜੇ ਜ਼ਾਲਮਾਂ ਨੂੰ, ਜਿਨ੍ਹਾਂ ਦੀ ਘਣਘੋਰ।
ਮੈਂ ਲਿਸੇ ਤੇ ਕਮਜ਼ੋਰ ਦਾ, ਸਦਾ ਬਣਾਂ ਭਾਈਵਾਲ,
ਦੁਖੀ ਦੀਨ ਗਰੀਬ ਤੇ ਬੇ-ਆਸਰੇ ਦੀ ਢਾਲ।
ਕਲੀਆਂ ਦੀ ਮੁਸਕਾਨ ਨੂੰ, ਸਕੇ ਨ ਕੋਈ ਮਧੋਲ,
ਚਿੜੀਆਂ ਦਿਸਣ ਕਰਦੀਆਂ ਨਾਲ ਬਾਜ਼ਾਂ ਦੇ ਘੋਲ।
ਲੀਰਾਂ ਵਾਂਗੂ ਹੋਵਣੇ ਨੇ ਬਾਜਾਂ ਦੇ ਲੰਗਾਰ,
ਕੀੜੀਆਂ ਦਲਣਾ ਹਾਥੀਆਂ, ਵੇਖੇਗਾ ਸੰਸਾਰ।
ਮੈਂ ਘਾੜਤ ਨਵੀਂ ਦੇ ਨਾਲ ਹੀ, ਪਲਟ ਦੇਵਣਾ ਰੂਪ,
ਹੋਸੀ ਰੰਗਣ ਵਖਰੀ, ਵਖਰੀ ਸ਼ਕਲ ਅਨੂਪ।
ਚੰਡੀ ਜੀਭਾ ਕਾਲ ਦੀ ਮੇਰੀ ਬੈਠ ਰਹੀ ਨ ਥਿਰ,
ਇਹ ਲਹੂ ਪੀਵਣੀ ਸ਼ੀਹਣੀ, ਮੰਗਦੀ ਹੈ ਇਕ ਸਿਰ।
ਇਸ ਪੀ ਕੇ ਕੁੰਗੂ ਰਤ ਦਾ, ਲੈਣਾ ਨਵਾਂ ਸਰੂਰ,
ਵੇਖਾਂ ਸਾਹਮਣੇ ਆਉਂਦਾ, ਕਿਹੜਾ ਹੈ ਮਨਸੂਰ।
ਤਬਰੇਜ਼ਾਂ ਦੀ ਲੋੜ ਹੈ, ਸਿਰ-ਲਥਾਂ ਦੀ ਭਾਲ,
ਕਿਹੜਾ ਹੈ ਜੋ ਏਸ ਨੂੰ, ਦੇਵੇ ਘੁਟ ਪਿਆਲ।
ਸੁਣਦੇ ਸਾਰ ਐਲਾਨ ਨੂੰ, ਸਾਰੇ ਰਹਿ ਗਏ ਦੰਗ,
ਥੋੜੇ-ਦਿਲੇ ਤੇ ਥੋਥਿਆਂ ਦੇ, ਪੀਲੇ ਪੈ ਗਏ ਰੰਗ।
ਖਿਸਕਣ ਲਗ ਪਏ ਛੋਪਲੇ, ਰਖ ਰਖ ਪੋਲੇ ਪੈਰ,
ਕਈ ਉਠੇ ਕਈ ਨਸ ਗਏ, ਮੰਗ ਜਾਨ ਦੀ ਖ਼ੈਰ।

ਏਨੇ ਵਿਚ ਇਕ ਦਯਾ ਰਾਮ, ਉਠਿਆ ਬਾਹਾਂ ਖਲਾਰ,
ਹਾਜ਼ਰ ਸਿਰ ਗ਼ੁਲਾਮ ਦਾ, ਲੈ ਲਉ ਸਰਕਾਰ।
ਇਕ ਸੀਸ ਦੀ ਗੱਲ ਕੀ, ਹਾਜ਼ਰ ਹੈ ਜਿੰਦ ਜਾਨ,
ਪਾ ਲਉ ਮੋਛੇ ਖੁਲ੍ਹ ਕੇ, ਜਿਉਂ ਚਾਹੋ ਸੁਲਤਾਨ!
ਲਾਈ ਉਦੋਂ ਹੀ ਜਿੰਦੜੀ, ਮੈਂ ਤੇਰੇ ਲੇਖੇ ਸ਼ਾਹ,
ਜਦ ਤੋਂ ਤੇਰੇ ਦਰ ਦਾ, ਵੇਖ ਲਿਆ ਏ ਰਾਹ!
ਇਹ ਨਿਮਾਣੀ ਭੇਟ ਹੈ, ਲਉ ਜੇ ਝੋਲੀ ਪਾ,
ਬੁਝ ਜਾਏ ਸੰਸਾਰ 'ਚੋਂ ਮੇਰ ਤੇਰ ਦੀ ਭਾਹ।
ਇਹ ਸੁਣ ਸਾਈਂ ਉਸ ਨੂੰ, ਲੈ ਗਏ ਤੰਬੂ ਵਲ,
ਤੇ ਲਹੂ ਭਰੀ ਕਿਰਪਾਨ ਨੂੰ, ਝਟ ਲੈ ਆਏ ਵਲ।
ਫਿਰ ਗਜਿਆ ਕਲਗੀਆਂ ਵਾਲੜਾ, ਲਾ ਕੇ ਪੂਰਾ ਤ੍ਰਾਣ,
ਤੇਗ ਮੇਰੀ ਹੈ ਮੰਗਦੀ, ਇਕ ਹੋਰ ਵੀ ਬਲਿਦਾਨ।
ਗਏ ਠਠੰਬਰ ਵੇਖ ਕੇ, ਲਹੂ ਦੀ ਵਗਦੀ ਧਾਰ,
ਢਿਲੀ ਧੋਤੀ ਵਾਲੜੇ, ਖਿਸਕਣ ਲਗ ਪਏ ਬਾਹਰ।
ਫਿਰ ਉਠਿਆ ਧਰਮਾ ਜੋਸ਼ ਵਿਚ, ਨੀਵੀਂ ਪਾ ਕੇ ਧੌਣ,
ਵਸਤ ਤੇਰੀ ਹੈ ਮਾਲਕਾ, ਉਜ਼ਰ ਕਰੇ ਫਿਰ ਕੌਣ!
ਦਰ ਤੇਰੇ ਤੇ ਆ ਗਿਆ, ਰਖ ਲੌ ਪ੍ਰੀਤਮ ਲਾਜ,
ਸਮਝਾਂ ਭਾਗ ਸੁਵੱਲੜੇ, ਬਖਸ਼ੇਂ ਜੇ ਇਹ ਤਾਜ।
ਤੇਰੇ ਇਸ ਉਪਕਾਰ ਨੇ, ਜੋਤ ਬਾਲਣੀ ਉਹ,
ਦੁਨੀਆ ਵਾਲੇ ਲੈਣਗੇ, ਜਿਸ ਤੋਂ ਸਦਾ ਹੀ ਲੋਅ।
ਇਸ ਤਰ੍ਹਾਂ ਪੰਜ ਆ ਗਏ, ਨਿਤਰ ਕੇ ਸਾਹਵੇਂ ਬੀਰ,
ਜਿਨ੍ਹਾਂ ਦਿਤੀ ਦੇਸ਼ ਨੂੰ, ਇਕ ਨਵੀਂ ਤਸਵੀਰ।
ਅੰਮ੍ਰਿਤ ਘੁਟ ਪਿਆਲ ਕੇ, ਚਾੜ੍ਹੀ ਐਸੀ ਪਾਨ,
ਦੁਨੀਆ ਦੇ ਵਿਚ ਬਣ ਗਿਆ, ਇਕ ਨਵਾਂ ਇਨਸਾਨ।
ਖਿੜਿਆ ਫੁਲਾਂ ਵਾਂਗਰਾਂ, ਕੰਡਿਆਂ ਉਤੇ ਸੇਜ।
ਮਸਤਕ ਪਿਆ ਵੰਡਦਾ, ਸੂਰਜ ਵਾਂਗੂੰ ਤੇਜ।
ਵਾਂਗ ਸੁਮੇਰਾਂ ਉਠਿਆ ਉਚਿਆਂ ਜੋ ਹਮੇਸ਼,
ਸਾਜਿਆ ਐਸਾ ਖਾਲਸਾ, ਕਲਗੀਧਰ ਦਸਮੇਸ਼।
ਅੰਮ੍ਰਿਤ-ਦਾਤੇ ਨੂੰ ਸਦਾ 'ਨੀਰ ਜੀ' ਹੈ ਪਰਨਾਮ।
ਪੰਥ ਖਾਲਸਾ ਜਿਸ ਦਾ, ਜਗਤ ਲਈ ਪੈਗ਼ਾਮ।



www.AKJ.Org

# ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ

ਸਤਿਗੁਰਾਂ ਦੀ ਬਖ਼ਸ਼ੀ ਅੰਮ੍ਰਿਤ-ਮਈ ਬਾਣੀ ਹਲਤ-ਪਲਤ ਦੇ ਕਸ਼ਟ ਨਿਵਾਰਣਹਾਰ ਹੈ । ਇਸ ਅਟੱਲ ਸਚਾਈ ਨੂੰ ਡਾਕਟਰੀ ਤਜਰਬਿਆਂ ਰਾਹੀਂ ਪੁਸ਼ਟ ਕਰਨ ਦੀ ਸੇਵਾ ਡਾ: ਹਰਚਰਨ ਸਿੰਘ ਜੀ, ਪ੍ਰੋਫੈਸਰ ਆਫ਼ ਮੈਡੀਸਨ (ਹੁਣ ਰਿਟਾਇਰਡ), ਮੈਡੀਕਲ ਕਾਲਜ, ਅੰਮ੍ਰਿਤਸਰ ਨੇ ਕੀਤੀ ਹੈ । ਆਪ ਨੇ ਆਪਣੀ ਕੀਤੀ ਖੋਜ ਸੰਬੰਧੀ ਫ਼ਾਜ਼ਿਲ ਕਸ਼ਮੀਰੀ ਸਨਮਾਨ-ਸਮਾਗਮ ਸਮੇਂ ੧੪-੧੨-੮੬ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਸੈਨੇਟ-ਹਾਲ ਵਿਖੇ ਇਕ ਲੈਕਚਰ ਦਿੱਤਾ, ਜਿਸਨੂੰ ਰਿਕਾਰਡ ਕੀਤੀ ਟੇਪ ਤੋਂ ਲਿਖਤ-ਰੂਪ ਵਿਚ ਦੇ ਕੇ ਪਾਠਕਾਂ ਦੀ ਸੇਵਾ ਵਿੱਚ ਹਾਜ਼ਰ ਕਰ ਰਹੇ ਹਾਂ ।

—ਸੰਪਾਦਕ

ਸੁਖਮਨੀ ਸਾਹਿਬ ਦੀ ਰੋਗ-ਨਿਵਾਰਣੀ ਸ਼ਕਤੀ ਦਾ ਅਹਿਸਾਸ ਮੈਨੂੰ ਨਿੱਜੀ ਤਜਰਬੇ ਵਿੱਚ ਆਈ ਇਕ ਵਚਿੱਤਰ ਘਟਨਾ ਦੁਆਰਾ ਹੋਇਆ । ਮੈਂ ਆਪਣੀ ਧਰਮ-ਪਤਨੀ ਨਾਲ ੧੯੬੫ ਵਿੱਚ ਇੰਗਲੈਂਡ ਗਿਆ ਤਾਂ ਉਥੇ ਮੇਰੀ ਪਤਨੀ ਨੂੰ ਲਗਾਤਾਰ ਕਈ ਕਈ ਚਿਰ ਨਿੱਛਾਂ ਆਉਣ ਲੱਗ ਪਈਆਂ । ਡਾਕਟਰਾਂ ਨੇ ਇਹੀ ਜਾਂਚਿਆ ਕਿ ਇੰਗਲੈਂਡ ਦੀ ਵਧੇਰੇ ਸਰਦੀ ਕਰਕੇ ਇਨ੍ਹਾਂ ਨੂੰ ਨਿੱਛਾਂ ਜ਼ਿਆਦਾ ਆ ਰਹੀਆਂ ਹਨ । ਪਰ ਦੇਸ ਆ ਕੇ ਵੀ ਨਿੱਛਾਂ ਬੇ-ਰੋਕ ਜਾਰੀ ਰਹੀਆਂ । ਜਦ ਸ਼ੁਰੂ ਹੋ ਜਾਣ, ਘੰਟਿਆਂ ਬੱਧੀ ਚੱਲੀ ਜਾਣ । ਕਈ ਦਵਾਈਆਂ ਵਰਤਣ ਦੇ ਬਾਵਜੂਦ ਵੀ ਕੋਈ ਫ਼ਰਕ ਨਾ ਪਿਆ । ੧੯੬੫ ਵਿੱਚ ਨਿੱਛਾਂ ਤੋਂ ਸ਼ੁਰੂ ਹੋਇਆ ਰੋਗ ਸਾਹ ਦੀ ਬਿਮਾਰੀ—ਦਮੇਂ ਦੇ ਰੂਪ ਵਿੱਚ ਵਧਣ ਲੱਗ ਪਿਆ । ਇਕ ਰਾਤ ਅਸੀਂ ਚਾਰ-ਪੰਜ ਡਾਕਟਰ ਉਨ੍ਹਾਂ ਦੇ ਲਾਗੇ ਰਹੇ। ਬਲੱਡ-ਪ੍ਰੈਸ਼ਰ ਘੱਟ ਗਿਆ ਸੀ, ਆਕਸੀਜਨ ਲਗਾਈ ਹੋਈ ਸੀ। ਉਨ੍ਹਾਂ ਨੂੰ ਕਾਫ਼ੀ ਤਕਲੀਫ਼ ਝੱਲਣੀ ਪਈ। ਮੈਂ ਉਨ੍ਹਾਂ ਦੇ ਕਈ ਤਰ੍ਹਾਂ ਦੇ ਟੈਸਟ ਕਰਵਾਏ, ਇੰਗਲੈਂਡ ਤੋਂ ਵੀ ਟੈਸਟਾਂ ਦੀਆਂ ਰਿਪੋਰਟਾਂ ਮੰਗਵਾਈਆਂ। ਕਈ ਦਵਾਈਆਂ ਵਰਤਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਕੋਈ ਫ਼ਾਇਦਾ ਨਾ ਹੋਇਆ । ਕੁਝ ਸਾਲ ਪਹਿਲਾਂ ਮੇਰੀ ਪਤਨੀ ਦੇ ਭੈਣ ਜੀ ਦਮੇਂ ਦੇ ਰੋਗ ਕਰਕੇ ਚੜ੍ਹਾਈ ਕਰ ਗਏ ਸਨ । ਦਮੇਂ ਦੇ ਰੋਗ ਦੀ ਗ੍ਰਿਫ਼ਤ ਵਿੱਚ ਆਈ ਮੇਰੀ ਪਤਨੀ ਨੇ ਇਕ ਦਿਨ ਅੱਕ ਕੇ ਕਹਿ ਦਿੱਤਾ ਕਿ, "ਮੈਂ ਤੁਹਾਡਾ ਐਲੋਪੈਥੀ ਇਲਾਜ ਨਹੀਂ ਕਰਨਾ । ਤੁਸੀਂ ਮੈਨੂੰ ਇਕ ਮਹੀਨਾ ਦਿਓ, ਮੈਂ ਆਪਣਾ ਇਲਾਜ ਆਪ ਕਰਾਂਗੀ ।" **ਤੇ ਇਹ ਇਲਾਜ ਸੀ—ਸੁਖਮਨੀ ਸਾਹਿਬ ਦਾ ਪਾਠ ।** ਉਨ੍ਹਾਂ ਨੇ ਮਹੀਨਾ ਭਰ ਇਕ-ਮਨ ਇਕ-ਚਿਤ ਹੋ ਕੇ ਸੁਖਮਨੀ ਸਾਹਿਬ ਦਾ ਪਾਠ ਕੀਤਾ । ਮਹੀਨੇ ਬਾਅਦ ਉਨ੍ਹਾਂ ਨੂੰ ਆਪਣੇ ਰੋਗ ਤੋਂ ਕਾਫ਼ੀ ਰਾਹਤ ਮਿਲ ਚੁੱਕੀ ਸੀ । ਫਿਰ ੧੯੭੪ ਵਿੱਚ ਉਨ੍ਹਾਂ ਨੂੰ ਦੁਬਾਰਾ ਖੇਚਲ ਹੋ ਗਈ । ਵਿਸ਼ੇਸ਼ੱਗ ਡਾਕਟਰਾਂ ਨੇ ਗਲੇ ਦੇ ਅਪ੍ਰੇਸ਼ਨ ਦੀ ਜ਼ਰੂਰਤ ਦੱਸੀ । ਮੇਰੀ ਪਤਨੀ ਨੇ ਡਾਕਟਰ ਪਾਸੋਂ ਇਕ ਮਹੀਨੇ ਦੀ ਮੋਹਲਤ ਮੰਗੀ। ਫਿਰ ਇਕ ਮਹੀਨਾ ਉਨ੍ਹਾਂ ਨੇ ਪੂਰਨ ਨਿਸਚੇ ਤੇ ਭਾਵਨਾ ਨਾਲ ਸੁਖਮਨੀ ਸਾਹਿਬ ਦਾ ਪਾਠ ਕੀਤਾ। ਮਹੀਨੇ ਬਾਅਦ ਜਦੋਂ ਉਹ ਡਾਕਟਰ ਕੋਲ ਚੈੱਕ-ਅਪ ਵਾਸਤੇ ਗਏ ਤਾਂ ਡਾਕਟਰ ਨੇ ਕਿਹਾ ਕਿ ਅਪ੍ਰੇਸ਼ਨ ਕਰਨ ਦੀ ਲੋੜ ਨਹੀਂ, ਤੁਸੀਂ ਠੀਕ ਹੋ।

ਗੁਰਬਾਣੀ ਦੀ ਰੋਗ-ਨਿਵਾਰਣੀ ਸ਼ਕਤੀ ਬਾਰੇ ਪੜ੍ਹਿਆ-ਸੁਣਿਆ ਤਾਂ ਕਾਫ਼ੀ ਸੀ, ਪਰ ਨਿੱਜੀ ਤਜਰਬੇ ਵਿਚ ਆਈ ਇਸ ਘਟਨਾ ਨੇ ਮੈਨੂੰ ਇਸ ਸ਼ਕਤੀ ਸੰਬੰਧੀ ਤੱਥ ਇਕੱਠੇ ਕਰਨ ਲਈ ਪ੍ਰੇਰਿਤ ਕੀਤਾ। ਇਤਫ਼ਾਕ ਨਾਲ ਮੈਂ ਉਦੋਂ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਮੈਡੀਸਨ ਵਿਭਾਗ ਦਾ ਪ੍ਰੋਫ਼ੈਸਰ ਤੇ ਮੁਖੀ ਸਾਂ ਤੇ ਮੈਡੀਸਨ ਦੇ ਬੋਰਡ ਦਾ ਚੇਅਰਮੈਨ ਵੀ ਮੈਂ ਹੀ ਸਾਂ। ਕਾਲਜ ਦੀ ਥੀਸਿਸ ਕਮੇਟੀ ਦੇ ਚੇਅਰਮੈਨੀ ਵੀ ਉਦੋਂ ਮੇਰੇ ਜ਼ਿੰਮੇ ਸੀ। ਇਸ ਲਈ ਮੈਂ ਸੁਖਮਨੀ ਸਾਹਿਬ ਦੀ ਇਸ ਕਲਾ-ਮਈ ਸ਼ਕਤੀ ਦੇ ਤੱਥਾਂ ਨੂੰ ਰਿਕਾਰਡ ਕਰਨ ਲਈ ਇਕ ਸਕੀਮ ਬਣਾਈ।



www.AKJ.Org

ਇਕ ਗੱਲ ਸਪਸ਼ਟ ਕਰ ਦੇਣੀ ਜ਼ਰੂਰੀ ਹੋਵੇਗੀ ਕਿ ਮੈਂ ਕੋਈ ਨਵਾਂ ਇਲਾਜ ਨਹੀਂ ਸ਼ੁਰੂ ਕੀਤਾ। ਮੇਰਾ ਕੰਮ ਤਾਂ ਇਕ ਰਿਕਾਰਡ-ਕੀਪਰ ਵਾਲਾ ਹੈ। ਇਲਾਜ ਤਾਂ ਸੁਖਮਨੀ ਸਾਹਿਬ ਦੇ ਰਚਣਹਾਰ ਗੁਰੂ ਅਰਜਨ ਸਾਹਿਬ ਨੇ ਦੱਸਿਆ ਹੈ। ਸੁਖਮਨੀ ਦੇ ਆਰੰਭ ਵਿਚ ਹੀ ਆਪ ਦਾ ਫ਼ੁਰਮਾਨ ਹੈ :–

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਕਲਿ ਕਲੇਸ ਤਨ ਮਾਹਿ ਮਿਟਾਵਉ ॥

ਭਾਵ–ਕਿ 'ਮੈਂ (ਤੇਰਾ ਨਾਮ) ਸਿਮਰਾਂ ਤੇ ਸੁਖ ਪਾਵਾਂ ਅਤੇ ਸਰੀਰ ਦੇ ਕਲ ਕਲੇਸ਼ ਮਿਟਾ ਲਵਾਂ।' ਸਤਿਗੁਰੂ ਸੱਚੇ ਪਾਤਸ਼ਾਹ ਸੁਖਾਂ ਦੀ ਦਾਤੀ ਔਖਧ ਦੀ ਬਖ਼ਸ਼ਿਸ਼ ਕਰ ਰਹੇ ਹਨ। ਤੇ ਫਿਰ ਅਖ਼ੀਰ ਵਿਚ ਦੁਬਾਰਾ ਸੁਖਮਨੀ ਸਾਹਿਬ ਦੇ ਪਾਠ ਦੇ ਫ਼ਾਇਦੇ ਦੱਸਦੇ ਹਨ :–

ਦੂਖ ਰੋਗ ਬਿਨਸੇ ਭੈ ਭਰਮ ॥

ਇੰਜ ਗੁਰੂ ਸਾਹਿਬ ਨੇ ਖ਼ੁਦ ਡਬਲ ਮੋਹਰ ਲਾ ਦਿੱਤੀ ਕਿ ਸੁਖਮਨੀ ਸਾਹਿਬ ਦੇ ਪਾਠ ਦੁਆਰਾ ਦੁਖ-ਰੋਗ ਤੇ ਭੈ-ਭਰਮ ਸਭ ਬਿਨਸ ਜਾਂਦੇ ਹਨ। ਸੋ ਅਸਾਂ ਇਸ ਸਚਾਈ ਨੂੰ ਸਿਰਫ਼ ਤਜਰਬਿਆਂ ਰਾਹੀਂ ਰਿਕਾਰਡ ਹੀ ਕੀਤਾ ਹੈ।

ਹਾਈ ਬਲੱਡ-ਪ੍ਰੈਸ਼ਰ ਦਾ ਸਰੀਰ ਤੇ ਮਨ ਨਾਲ ਡੂੰਘਾ ਸੰਬੰਧ ਹੈ ਤੇ ਦੁਨੀਆ ਦੇ ਅਜੋਕੇ ਖਿਚਾਓ ਵਾਲੇ ਮਾਹੌਲ ਵਿਚ ਬਹੁਤ ਲੋਕ ਇਸ ਰੋਗ ਦੀ ਗ੍ਰਿਫ਼ਤ ਵਿਚ ਆਏ ਹੁੰਦੇ ਹਨ। ਬਾਣੀ ਦੇ ਉਪਰੋਕਤ ਸੱਚ ਦੀ ਪੁਸ਼ਟੀ ਲਈ ਅਸਾਂ ਇਸ ਰੋਗ ਵਿਚ ਗ੍ਰਸਤ ਰੋਗੀਆਂ ਨੂੰ ਆਪਣੇ ਅਧਿਐਨ ਲਈ ਚੁਣਿਆ। ਅਸੀਂ ਅੰਮ੍ਰਿਤਸਰ ਸ਼ਹਿਰ ਦੀਆਂ ਸੁਖਮਨੀ ਸਾਹਿਬ ਸੁਸਾਇਟੀਆਂ ਤੱਕ ਰਸਾਈ ਕੀਤੀ। ਸੁਖਮਨੀ ਸਾਹਿਬ ਦਾ ਪਾਠ ਕਰਨ ਵਾਲੇ ਤੇ ਪਾਠ ਨਾ ਕਰਨ ਵਾਲੇ ਕੁਲ ੭੪੮ ਵਿਅਕਤੀ ਅਸੀਂ ਆਪਣੇ ਅਧਿਐਨ ਲਈ ਚੁਣੇ। ਇਹਨਾਂ ਸਭ ਦਾ ਬਲੱਡ-ਪ੍ਰੈਸ਼ਰ ਰਿਕਾਰਡ ਕੀਤਾ ਗਿਆ ਤਾਂ ੭.੪੮ ਫ਼ੀ ਸਦੀ ਵਿਅਕਤੀਆਂ ਨੂੰ ਹਾਈ ਬਲੱਡ-ਪ੍ਰੈਸ਼ਰ ਸੀ। ਅਧਿਐਨ ਲਈ ਚੁਣੇ ਗਏ ੩੩੬ ਪਾਠ ਕਰਨ ਵਾਲਿਆਂ 'ਚੋਂ ਕੇਵਲ ੧੬ ਵਿਅਕਤੀਆਂ ਨੂੰ ਇਹ ਰੋਗ ਸੀ, ਜਦ ਕਿ ਪਾਠ ਨਾ ਕਰਨ ਵਾਲੇ ੪੧੨ ਵਿਅਕਤੀਆਂ 'ਚੋਂ ੪੦ ਵਿਅਕਤੀਆਂ ਨੂੰ ਇਹ ਰੋਗ ਸੀ। ਭਾਵ ਕਿ ਪਾਠ ਕਰਨ ਵਾਲੇ ੪.੭੬ ਫ਼ੀ ਸਦੀ ਵਿਅਕਤੀ ਰੋਗ-ਗ੍ਰਸਤ ਸਨ, ਜਦ ਕਿ ਪਾਠ ਨਾ ਕਰਨ ਵਾਲੇ ੯.੭ ਫ਼ੀ ਸਦੀ ਰੋਗ -ਗ੍ਰਸਤ ਸਨ।

ਪਾਠ ਨਾ ਕਰਨ ਵਾਲੇ ਵਿਅਕਤੀਆਂ ਦੇ ਰੋਗ-ਗ੍ਰਸਤ ਹੋਣ ਦੇ ਔਸਤ ਅੰਕੜੇ ਨੂੰ ਅਸਾਂ ਫਿਰ ਵੱਖਰੇ ਢੰਗ ਨਾਲ ਵੀ ਚੈਕ ਕੀਤਾ। ਅਸੀਂ ਵਰਪਾਲ ਪਿੰਡ ਤੇ ਸ਼ਹਿਰ ਦੀਆਂ ਦੋ ਕਾਲੋਨੀਆਂ (ਦਯਾ ਨੰਦ ਨਗਰ ਤੇ ਕੈਨੇਡੀ ਐਵੇਨਿਊ) ਦੇ ਵਾਸੀਆਂ ਦਾ ਵੀ ਬਲੱਡ-ਪ੍ਰੈਸ਼ਰ ਚੈਕ ਕੀਤਾ। ਕਾਲਜ ਅਧਿਆਪਕਾਂ ਤੇ ਦੂਸਰੇ ਲੋਕਾਂ ਦਾ ਬਲੱਡ-ਪ੍ਰੈਸ਼ਰ ਵੀ ਰਿਕਾਰਡ ਕੀਤਾ। ਇਸ ਸਭ ਕੁਝ ਨੂੰ ਰਿਕਾਰਡ ਕਰਨ ਤੋਂ ਬਾਅਦ ਅਸੀਂ ਇਸ ਨਤੀਜੇ ਤੇ ਪੁੱਜੇ ਕਿ ੯ ਤੋਂ ੧੦ ਪ੍ਰਤੀਸ਼ਤ ਵਿਅਕਤੀ ਇਸ ਰੋਗ ਦਾ ਸ਼ਿਕਾਰ ਹੁੰਦੇ ਹਨ। ਜਦ ਕਿ ਸੁਖਮਨੀ ਸਾਹਿਬ ਦਾ ਪਾਠ ਕਰਨ ਵਾਲੇ ਵਿਅਕਤੀਆਂ 'ਚੋਂ ਇਸ ਰੋਗ ਦੇ ਸ਼ਿਕਾਰ ਹੋਣ ਦਾ ਅੰਕੜਾ ਅੱਧਾ ਹੈ।

ਅਧਿਐਨ ਦੇ ਦੂਸਰੇ ਪੜਾਅ ਤੇ ਅਸਾਂ ਮਰੀਜ਼ਾਂ ਨੂੰ ਪੁੱਛਿਆ ਕਿ, "ਕੀ ਤੁਸੀਂ ਸੁਖਮਨੀ ਸਾਹਿਬ ਤੋਂ ਵਾਕਿਫ਼ ਹੋ? ਜੇਕਰ ਤੁਸੀਂ ਵਿਸ਼ਵਾਸ ਰੱਖਦੇ ਹੋ ਤਾਂ ਸੁਖਮਨੀ ਸਾਹਿਬ ਦੇ ਪਾਠ ਰਾਹੀਂ ਇਸ ਰੋਗ ਦਾ ਇਲਾਜ ਹੋ ਸਕਦਾ ਹੈ।" ਜਿਨ੍ਹਾਂ ਨੇ ਸੰਮਤੀ ਪ੍ਰਗਟ ਕੀਤੀ, ਅਸੀਂ ਉਹਨਾਂ ਨੂੰ ਕਿਹਾ ਕਿ, "ਅਸੀਂ ਤੁਹਾਡੇ ਵਿਸ਼ਵਾਸ ਦਾ ਸਤਿਕਾਰ ਕਰਦੇ ਹਾਂ। ਜੇਕਰ ਤੁਸੀਂ ਰੋਗ ਦੇ ਵਧਣ ਤੇ ਦਵਾਈ ਵੀ ਲੈਣਾ ਚਾਹੋਗੇ ਤਾਂ ਉਹ ਵੀ ਅਸੀਂ ਦੇ ਦਿਆਂਗੇ।" ਅਧਿਐਨ ਵਿਚ ਸ਼ਾਮਲ ਦਵਾਈ ਦੇਣ ਵਾਲੇ ਡਾਕਟਰਾਂ ਨੇ ਦਵਾਈਆਂ ਦਿੱਤੀਆਂ। ਬਲੱਡ-ਪ੍ਰੈਸ਼ਰ ਰਿਕਾਰਡ ਕਰਨ ਵਾਲੇ ਡਾਕਟਰ ਹੋਰ ਸਨ ਤੇ ਉਹ ਗ਼ੈਰ-ਸਿੱਖ ਸਨ। ਅਸੀਂ ਮਰੀਜ਼ਾਂ ਨੂੰ ਹਦਾਇਤ ਕਰ ਦਿੱਤੀ ਸੀ ਕਿ ਤੁਸੀਂ ਨਹੀਂ ਦੱਸਣਾ ਕਿ ਤੁਸੀਂ ਪਾਠ ਕਰਦੇ ਹੋ। ਜਿਨ੍ਹਾਂ ਨੇ ਬਲੱਡ-ਪ੍ਰੈਸ਼ਰ ਰਿਕਾਰਡ ਕੀਤਾ, ਉਹਨਾਂ ਨੂੰ ਵੀ ਇਹ ਹਦਾਇਤ ਸੀ ਕਿ ਉਸ ਤੋਂ ਪਾਠ ਬਾਰੇ ਨਹੀਂ ਪੁੱਛਣਾ। ਇਸ ਤਰ੍ਹਾਂ ਅਸੀਂ ਇਕ ਸਾਲ ਤਜਰਬੇ ਕੀਤੇ ਤੇ ਸਾਰੇ ਰਿਕਾਰਡ ਕੀਤੇ ਅੰਕੜਿਆਂ ਨੂੰ ਆਪਸ ਵਿਚ ਮਿਲਾ ਕੇ ਵੇਖਿਆ। ਨਤੀਜਾ ਇਹ ਸਾਹਮਣੇ ਆਇਆ ਕਿ ਸੁਖਮਨੀ



www.AKJ.Org

ਸਾਹਿਬ ਦਾ ਬਾਕਾਇਦਾ ਪਾਠ ਕਰਨ ਵਾਲੇ ਰੋਗੀਆਂ ਨੂੰ ਦਵਾਈਆਂ ਬਹੁਤ ਘੱਟ ਵਰਤਣੀਆਂ ਪਈਆਂ। ਜਦ ਕਿ ਪਾਠ ਨਾ ਕਰਨ ਵਾਲੇ ਰੋਗੀਆਂ ਨੂੰ ਕਈ ਦਵਾਈਆਂ ਬਦਲ ਬਦਲ ਕੇ ਦੇਣੀਆਂ ਪਈਆਂ ਤੇ ਇਹਨਾਂ ਨੂੰ ਦਿੱਤੀਆਂ ਗਈਆਂ ਦਵਾਈਆਂ ਦੀ ਮਾਤਰਾ ਵੀ ਬਹੁਤ ਜ਼ਿਆਦਾ ਸੀ।

ਦੁਨੀਆ ਵਿਚ ਇਸ ਤਰ੍ਹਾਂ ਦੇ ਕੀਤੇ ਗਏ ਹੋਰ ਤਜਰਬਿਆਂ ਨੂੰ ਵੀ ਅਸਾਂ ਦ੍ਰਿਸ਼ਟੀ-ਗੋਚਰ ਰੱਖਿਆ। ਜਦੋਂ ਅਸੀਂ ਹੋਰਨਾਂ ਤਰੀਕਿਆਂ (Meditation relaxation ਦੇ ਕਈ ਤਰੀਕਿਆਂ Progressive relaxation, Autogenic relaxation, Hypnotic relaxation, Zen meditation, Hatha yoga, Transcendental meditation, Relaxation sesponse ਆਦਿ) ਦੁਆਰਾ ਬਲੱਡ-ਪ੍ਰੈਸ਼ਰ ਨੂੰ ਠੀਕ ਰੱਖਣ ਸੰਬੰਧੀ ਹੋਏ ਖੋਜ-ਕਾਰਜਾਂ ਦਾ ਆਪਣੀ ਖੋਜ ਦੇ ਅੰਕੜਿਆਂ ਨਾਲ ਮੁਕਾਬਲਾ ਕੀਤਾ ਤਾਂ ਅਸੀਂ ਇਸ ਨਤੀਜੇ ਤੇ ਪੁੱਜੇ ਕਿ ਸਾਡਾ ਤਰੀਕਾ ਬਾਕੀਆਂ ਨਾਲੋਂ ਅੰਕੜਿਆਂ ਪੱਖੋਂ ਕਾਫ਼ੀ ਚੰਗਾ ਤੇ ਪ੍ਰਭਾਵਸ਼ਾਲੀ ਹੈ। ਕੇਵਲ ਹੱਠ-ਯੋਗ ਦੁਆਰਾ ਬਲੱਡ-ਪ੍ਰੈਸ਼ਰ ਨਿਯੰਤ੍ਰਿਤ ਕਰਨ ਸੰਬੰਧੀ ਆਏ ਅੰਕੜੇ ਹੀ ਸਾਡੇ ਬਰਾਬਰ ਆਏ। ਲੇਕਿਨ ਹੱਠ-ਯੋਗ ਦੁਆਰਾ ਰੋਗ-ਨਿਯੰਤ੍ਰਣ ਦੇ ਕੇਸ ਇਤਨੇ ਥੋੜ੍ਹੇ ਸਨ ਕਿ ਅੰਕੜਿਆਂ ਦੀ ਭਿੰਨਤਾ (statistical variation) ਕਰਕੇ ਸਾਡਾ ਤਰੀਕਾ ਉਹਨਾਂ ਨਾਲੋਂ ਜ਼ਿਆਦਾ ਪ੍ਰਭਾਵਸ਼ਾਲੀ ਸਿੱਧ ਹੋਇਆ।

ਸੋ ਸਾਰੇ ਖੋਜ-ਕਾਰਜ ਤੋਂ ਬਾਅਦ ਅਸੀਂ ਇਹ ਨਤੀਜਾ ਕੱਢਿਆ ਕਿ ਸੁਖਮਨੀ ਸਾਹਿਬ ਦੇ ਪਾਠ ਦੁਆਰਾ ਬਲੱਡ-ਪ੍ਰੈਸ਼ਰ ਠੀਕ ਰੱਖਣ ਦਾ ਤਰੀਕਾ ਬੜਾ ਪ੍ਰਭਾਵਸ਼ਾਲੀ, ਸਰਲ, ਸਹਿਜ ਤੇ ਖ਼ਰਚ-ਰਹਿਤ ਹੈ ਅਤੇ ਇਹ ਦਵਾਈਆਂ ਦੀ ਵਰਤੋਂ ਕਰਨ ਬਿਨਾਂ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ। ਇਸ ਲਈ ਇਹ ਤਰੀਕਾ ਬਹੁਤ ਲਾਭਵੰਦਾ ਤੇ ਆਸਾਨ ਹੈ। ਇਸਦਾ ਕਾਰਨ ਇਹ ਮੰਨਿਆ ਜਾ ਸਕਦਾ ਹੈ ਕਿ ਸੁਖਮਨੀ ਸਾਹਿਬ ਦੇ ਪਾਠ ਵਿੱਚੋਂ ਰੋਗੀ ਨੂੰ ਕਈ ਅਜਿਹੀਆਂ ਧਰਵਾਸ-ਜਨਕ ਤੁਕਾਂ ਮਿਲਦੀਆਂ ਹਨ, ਜਿਨ੍ਹਾਂ ਨਾਲ ਰੋਗੀ ਨੂੰ ਮਾਨਸਿਕ ਤੌਰ ਤੇ ਆਸਰਾ ਮਿਲਦਾ ਹੈ। ਜਿਵੇਂ ਕਿ :–

੧. ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਕਲਿ ਕਲੇਸ ਤਨ ਮਾਹਿ ਮਿਟਾਵਉ ॥ (੧/੧)
੨. ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥ (੧/੨)
੩. ਜੇ ਕੋ ਆਪੁਨਾ ਦੂਖੁ ਮਿਟਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥ (੩/੫)
੪. ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥ (੧੧/੨)
੫. ਸਾਧ ਸੰਗਿ ਹਰਿ ਹਰਿ ਜਸੁ ਕਹਤ ॥ ਸਰਬ ਰੋਗ ਤੇ ਓਹੁ ਹਰਿ ਜਨੁ ਰਹਤ ॥ (੧੪/੪)
੬. ਅੰਧਕਾਰ ਦੀਪਕ ਪਰਗਾਸੇ ॥ ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥ (੧੮/੬)
੭. ਤਪਤਿ ਮਾਹਿ ਠਾਢਿ ਵਰਤਾਈ ॥ ਅਨਦੁ ਭਇਆ ਦੁਖ ਨਾਠੇ ਭਾਈ ॥ (੧੮/੭)
੮. ਏਕ ਆਸ ਰਾਖਹੁ ਮਨ ਮਾਹਿ ॥ ਸਰਬ ਰੋਗ ਨਾਨਕ ਮਿਟਿ ਜਾਹਿ ॥ (੧੯/੧)
੯. ਅਨਿਕ ਉਪਾਵੀ ਰੋਗੁ ਨ ਜਾਇ ॥ ਰੋਗੁ ਮਿਟੈ ਹਰਿ ਅਵਖਧੁ ਲਾਇ ॥ (੧੯/੨)
੧੦. ਸਿਮਰਿ ਸਿਮਰਿ ਸਦਾ ਸੁਖ ਪਾਉ ॥ ਭਉ ਬਿਨਸੈ ਪੂਰਨ ਹੋਇ ਆਸ ॥ (੨੦/੫)
੧੧. ਸਗਲ ਦੂਖ ਕਾ ਹੋਵਤ ਨਾਸੁ ॥ ਨਾਨਕ ਨਾਮੁ ਜਪਹੁ ਗੁਨਤਾਸੁ ॥ (੨੦/੫)
੧੨. ਦੂਖ ਰੋਗ ਬਿਨਸੇ ਭੈ ਭਰਮ ॥ ਸਾਧ ਨਾਮ ਨਿਰਮਲ ਤਾ ਕੇ ਕਰਮ ॥ (੨੪/੮)

ਦੂਸਰੇ, ਸੁਖਮਨੀ ਸਾਹਿਬ ਦੀ ਭਾਸ਼ਾ ਸਰਲ ਹੈ ਤੇ ਸਰੋਤਾ ਸਹਿਜ-ਰੂਪ ਵਿਚ ਹੀ ਭਾਵ ਨਾਲ ਜੁੜ ਜਾਂਦਾ ਹੈ। ਬਾਣੀ ਦਾ ਤੋਲ-ਤੁਕਾਂਤ ਵੀ ਇੰਨਾ ਇਕਸਾਰ ਹੈ ਕਿ ਲੈਅ-ਮੁਗਧ ਹੋਏ ਸਰੋਤੇ ਦੇ ਮਨ ਨੂੰ ਧਰਵਾਸ ਤੇ ਟਿਕਾਅ ਪ੍ਰਾਪਤ ਹੁੰਦਾ ਹੈ।


www.AKJ.Org

# ਪਹਿਲਾ ਘਲੂਘਾਰਾ (੫)

[ ਕੈਪਟਿਨ ਸਵਰਨ ਸਿੰਘ ਜੀ ]

(ਲੜੀ ਜੋੜਨ ਲਈ ਵੇਖੋ 'ਸੂਰਾ' ਫ਼ਰਵਰੀ ੧੯੮੭)

**ਸਿੰਘਾਂ ਰਾਤ ਸਮੇਂ ਪਰਤ ਕੇ ਫੇਰ ਹੱਲਾ ਬੋਲਿਆ—**

ਸੰਘਣੀ ਝੱਲ ਅੰਦਰ ਸਿੰਘ ਕਾਫ਼ੀ ਦੂਰ ਤੱਕ ਚਲੇ ਗਏ ਸਨ। ਪਿਛ ਆ ਰਹੇ ਸਿੰਘਾਂ ਨੂੰ ਰਾਤ ਦੇ ਅੰਨ੍ਹੇਰੇ ਵਿਚ ਗੁਪਤ ਇਸ਼ਾਰਿਆਂ ਰਾਹੀਂ ਸੇਧ ਦੇ ਕੇ ਆਪਣੇ ਟਿਕਾਣੇ ਪਾਸ ਬੁਲਾ ਲਿਆ। ਦਲ ਦੀ ਗਿਣਤੀ ਬਹੁਤ ਘਟ ਗਈ ਸੀ, ਕਿਉਂਕਿ ਅੱਜ ਦੇ ਘੋਰ ਯੁਧ ਵਿਚ ਬਹੁਤ ਸਾਰੇ ਸਿੰਘ ਲੜਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ ਸਨ। ਕੁਝ ਪਹਾੜੀਂ ਚੜ੍ਹਦੇ ਹੋਏ ਪਹਾੜੀਆਂ ਹਥੋਂ ਗੋਲੀਆਂ, ਪੱਥਰਾਂ ਤੇ ਤੀਰਾਂ ਨਾਲ ਮਾਰੇ ਗਏ, ਕਈ ਪਹਾੜੋਂ ਦਰਿਆ ਵਿਚ ਡਿਗ ਕੇ ਜਾਨਾਂ ਨਿਛਾਵਰ ਕਰ ਗਏ ਸਨ, ਅਤੇ ਚੋਖੇ ਸਿੰਘ ਘਾਇਲ ਹੋ ਚੁਕੇ ਸਨ। ਭਾਵੇਂ ਇਸ ਗਹਿਗਚ ਯੁਧ ਵਿਚ ਕਿਸੇ ਇਕ ਧਿਰ ਦੀ ਦੋ-ਟੁਕ ਜਿੱਤ ਨਹੀਂ ਸੀ ਹੋਈ, ਪਰ ਫਿਰ ਵੀ ਲਖਪਤ ਦਾ ਪੱਲਾ ਭਾਰੀ ਹੀ ਰਿਹਾ ਸੀ। ਸੂਰਜ ਡੁਬਣ ਤਕ ਲੋਹੇ ਨਾਲ ਲੋਹਾ ਖੜਕਦਾ ਰਿਹਾ ਸੀ ਤੇ ਦੁਵੱਲੇ ਉਚੀ ਉਚੀ ਲਲਕਾਰੇ "ਫੜ ਲੋ, ਜਾਵੇ ਨਾ" ਦੇ ਵਜਦੇ ਰਹੇ ਸਨ। ਰਾਤ ਦੇ ਪਸਰ ਰਹੇ ਅੰਨ੍ਹੇਰੇ ਨੇ ਹੁਣ ਦੋਹਾਂ ਧਿਰਾਂ ਨੂੰ ਵਖੋ ਵਖ ਕਰ ਦਿਤਾ ਸੀ। ਇਸ ਅੰਨ੍ਹੇਰੇ ਦਾ ਫ਼ਾਇਦਾ ਉਠਾ ਕ ਸਿੰਘਾਂ ਨੇ ਆਪਣੇ ਆਪ ਨੂੰ ਸ਼ਤਰੂ ਤੋਂ ਦੂਰ ਦੁਰੇਡੇ ਲੈ ਜਾਣ ਦੀ ਨਹੀਂ ਸੋਚੀ। ਉਹ ਇਸ ਅਸਾਵੀਂ ਤੇ ਅਸੁਖਾਵੀਂ ਸਥਿਤੀ ਵਿਚ ਆਪਣ ਵੈਰੀ ਤੇ ਕਾਰੀ ਸੱਟ ਮਾਰਨ ਦੀ ਸੋਚ ਰਹੇ ਸਨ। ਦੂਜੇ ਪਾਸੇ ਲਖਪਤ ਮਨ ਵਿਚ ਖੁਸ਼ ਸੀ ਕਿ ਅਧਮੋਏ ਹੋ ਚੁਕੇ ਵੈਰੀ ਨੂੰ ਦਿਨ ਚੜ੍ਹਦੇ ਨਾਲ ਘੇਰ ਕੇ ਝਲ ਵਿਚ ਹੀ ਸਮਾਪਤ ਕਰ ਦਿਤਾ ਜਾਵੇਗਾ। ਆਪਣੀ ਅੱਜ ਦੀ ਇਸ ਕਾਫ਼ੀ ਵੱਡੀ ਕਾਮਯਾਬੀ ਦੇ ਨਸ਼ੇ ਵਿਚ ਆਪਣੇ ਮੁਸਾਹਿਬ ਅਫ਼ਸਰਾਂ ਤੇ ਜੰਗੀ ਸੂਰਮਿਆਂ ਨੂੰ ਇਥੋਂ ਤਕ ਕਹਿ ਗਿਆ ਕਿ "ਜੇ ਅੰਨ੍ਹੇਰਾ ਨਾ ਹੋ ਗਿਆ ਹੁੰਦਾ ਤਾਂ ਇਸ ਉਸ਼ਟੰਡ 'ਖਾਲਸਾ ਪੰਥ' ਲਈ ਇਹ ਆਖ਼ਰੀ ਦਿਨ ਹੋਣਾ ਸੀ। ਅੱਜ ਦਾ ਸੂਰਜ ਇਨ੍ਹਾਂ ਵਾਸਤੇ ਹਮੇਸ਼ਾ ਲਈ ਛਿਪ ਜਾਂਦਾ। ਅੱਛਾ! ਇਕ ਰਾਤ ਹੋਰ ਜੀਉਂ ਲੈਣ। ਕਲ੍ਹ ਵਾਲਾ ਦਿਨ ਇਨ੍ਹਾਂ ਲਈ ਆਖ਼ਰੀ ਦਿਨ ਹੋਵੇਗਾ। ਇਹ ਝਲ ਇਨ੍ਹਾਂ ਦੀਆਂ ਲੋਥਾਂ ਨਾਲ ਅੱਟ ਦਿਆਂਗਾ।"

ਦੂਜੇ ਪਾਸੇ ਸਿੰਘਾਂ ਜਦ ਇਕ ਦੂਜੇ ਦੇ ਫੱਟ ਬੰਨ੍ਹ ਲਏ ਤਾਂ ਘੋੜਿਆਂ ਦੀਆਂ ਮਾਲਸ਼ਾਂ ਕਰਕੇ ਉਹਨਾਂ ਨੂੰ ਤੇ ਆਪ ਨੂੰ ਤਾਜ਼ਾ ਦਮ ਕਰ ਲਿਆ। ਸਾਰਾ ਦਿਨ ਦੋਵੇਂ ਧਿਰਾਂ ਇਕ ਦੂਜੇ ਨੂੰ ਮੁਕਾ ਦੇਣ ਦੀ ਧਾਰ ਕੇ ਟੱਕਰੇ ਰਹੇ। ਸਿਰ ਤੇ ਸਰੀਰਾਂ ਦੇ ਹੋਰ ਅੰਗ ਝੜ ਝੜ ਡਿਗਦੇ ਰਹੇ। ਤੀਰਾਂ, ਗੋਲੀਆਂ ਤੇ ਗੋਲਿਆਂ ਦੀ ਵਰਖਾ ਹੁੰਦੀ ਰਹੀ ਸੀ। ਮੁਗ਼ਲ ਫੌਜਾਂ ਲਈ ਸਰਕਾਰੀ ਪ੍ਰਬੰਧ ਤਹਿਤ ਹਰ ਸੁਖ ਸਹੂਲਤ ਮੌਜੂਦ ਸੀ। ਉਹਨਾਂ ਦੇ ਜ਼ਖਮੀ ਸੰਭਾਲੇ ਗਏ। ਦੂਸਰਿਆਂ ਲੋਹੜ ਕੇ ਰਸਦਾਂ ਖਾਧੀਆਂ। ਪਰ ਸਿੰਘਾਂ ਪਾਸ ਇਸ ਅੰਨ੍ਹੇਰੇ ਵਿਚ ਖਾਣ ਨੂੰ ਕੀ ਸੀ। ਉਤੋਂ ਝਲ ਦਾ ਮੱਛਰ ਉਹਨਾਂ ਨੂੰ ਵਢ ਵਢ ਖਾ ਰਿਹਾ ਸੀ। ਜ਼ਖ਼ਮਾਂ ਤੇ ਭੁਖ-ਤੇਹ ਨੂੰ ਨਾ ਗੌਲਦੇ ਹੋਏ ਅਕਾਲ ਪੁਰਖ ਦਾ ਕੋਟ ਕੋਟ ਧੰਨਵਾਦ ਕਰ ਰਹੇ ਸਨ ਕਿ ਉਸ ਦੇ ਭਾਣੇ ਵਿਚ ਦਿਨ ਸੁਖ ਦਾ ਬਤੀਤ ਹੋਇਆ ਹੈ। ਜੋਦੜੀ ਕੀਤੀ ਗਈ ਕਿ ਚਾਰ ਪਹਿਰ ਰਾਤ ਤੇਰੇ ਭਾਣੇ ਵਿਚ ਸੁਖ ਦੀ ਗੁਜ਼ਰੇ। ਜਦ ਸਿੰਘਾਂ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਤਾਂ ਪਹਿਰ ਰਾਤ ਜਾ ਚੁਕੀ ਸੀ।

ਸ: ਸੁਖਾ ਸਿੰਘ, ਜੋ ਅਜੇ ਵੀ ਘੋੜੇ ਉਤੇ ਹੀ ਸੀ ਤੇ ਲੱਤ ਉਸੇ ਤਰ੍ਹਾਂ ਹੀ ਕਾਠੀ ਦੇ ਹੱਨੇ ਨਾਲ ਬੱਧੀ ਹੋਈ ਸੀ, ਅਤੇ ਸ: ਜੱਸਾ ਸਿੰਘ ਆਹਲੂਵਾਲੀਏ ਨੇ ਸਿੰਘਾਂ ਨੂੰ ਕਹਿਆ : ਖਾਲਸਾ ਜੀ, ਵਾਹਿਗੁਰੂ ਨੇ ਕਿਰਪਾ ਕੀਤੀ ਹੈ ਤੇ ਬੜਾ ਸੋਹਣਾ ਮੌਕਿਆ ਬਖਸ਼ਿਆ ਹੈ। ਸੋ ਇਸ ਤੋਂ ਭਰਪੂਰ ਲਾਭ ਉਠਾਉਣ ਲਈ ਵੈਰੀਆਂ ਨੂੰ ਹੱਥ ਵਿਖਾਉਣ ਦਾ ਹੁਣ ਵੇਲਾ ਹੈ। ਸਾਨੂੰ ਹਰਨ ਹੋ ਗਏ ਵੇਖ ਕੇ ਇਸ ਨੂੰ ਆਪਣੀ ਜਿਤ ਸਮਝ ਕੇ ਨਿਸਚਿੰਤ ਹੋ ਕੇ ਖਾ ਪੀ ਕੇ ਸੌਂ ਗਏ ਹਨ। ਹੁਣ ਥਕਾਵਟ ਤੇ ਊਂਘ ਨੇ ਉਹਨਾਂ ਨੂੰ ਦਬਾਇਆ ਹੋਇਆ ਹੈ। ਸਾਡੇ ਵਲੋਂ ਉਹ ਬਿਲਕੁਲ



www.AKJ.Org

ਬੇਫ਼ਿਕਰ ਹੋ ਚੁਕੇ ਹਨ। ਅਗਲੇ ਸਫ਼ਰ ਨੂੰ ਤੈਅ ਕਰਨ ਤੇ ਜੰਗ ਜਾਰੀ ਰਖਣ ਲਈ ਹੁਣ ਅਚਨਚੇਤ ਹੱਲਾ ਕਰ ਕੇ ਉਹਨਾਂ ਪਾਸੋਂ ਘੋੜੇ ਤੇ ਸ਼ਸਤਰ ਸੌਖੇ ਹੀ ਲਿਆ ਸਕਾਂਗੇ। ਇਹ ਰਾਏ ਸਾਰਿਆਂ ਸਿੰਘਾਂ ਨੇ ਪਰਵਾਨ ਕਰ ਲਈ। ਸ: ਸੁਖਾ ਸਿੰਘ, ਸ: ਜੱਸਾ ਸਿੰਘ ਆਹਲੂਵਾਲੀਆ, ਸ: ਚੜ੍ਹਤ ਸਿੰਘ ਆਦਿ ਸਰਦਾਰਾਂ ਦੀ ਅਗਵਾਈ ਵਿਚ ਸਾਰੇ ਸਿੰਘ ਅਚਨਚੇਤ ਧਾਵਾ ਕਰ ਕੇ ਨੀਂਦ ਵਿਚ ਗ੍ਰਸੇ ਵੈਰੀਆਂ ਤੇ ਜਾ ਪਏ। ਰਾਤ ਦੇ ਅੰਨ੍ਹੇਰੇ ਵਿਚ ਤੇਗਾਂ ਲਿਸ਼ਕੀਆਂ ਤੇ ਅਸਮਾਨੀ ਬਿਜਲੀ ਵਾਂਗ ਸਿਰਾਂ ਤੇ ਡਿਗੀਆਂ। ਸੁਤੇ ਹੋਏ ਸਦਾ ਦੀ ਨੀਂਦ ਸੌਂ ਗਏ। ਨੇਜ਼ੇ ਸੀਨਿਆਂ ਨੂੰ ਪਾੜਦੇ ਹੋਏ ਧਰਤੀ ਵਿਚ ਜਾ ਖੁਭੇ। ਖਾਲਸੇ ਨੇ ਐਸੇ ਫੁਰਤੀਲੇ ਹੱਥ ਮਾਰੇ ਕਿ ਬੇਸ਼ੁਮਾਰਾਂ ਨੂੰ ਚੀਰ ਪਾੜ ਕੇ ਘੋੜੇ ਤੇ ਹਥਿਆਰ ਖਸ ਕੇ ਵੈਰੀ ਦੇ ਸੁਚੇਤ ਹੋਣ ਤੋਂ ਪਹਿਲਾਂ ਹੀ ਹਵਾ ਹੋ ਗਏ। ਪੈਦਲ ਸਿੰਘਾਂ ਨੂੰ ਘੋੜੇ ਤੇ ਸ਼ਸਤਰ ਵੰਡ ਅੱਗੇ ਨੂੰ ਚਾਲੇ ਪਾ ਦਿਤੇ। ਸਿੰਘਾਂ ਦੇ ਇਸ ਸ਼ਬਖ਼ੂਨ (ਛਪੋਲ) ਨੇ ਲਖਪਤ ਦਾ ਇਹ ਸੁਪਨਾ ਕਿ ਭਲਕ ਵਾਲੇ ਦਿਨ ਇਹਨਾਂ ਦਾ ਪੂਰਾ ਫਸਤਾ ਵਢ ਦਿਆਂਗਾ, ਚਕਨਾਚੂਰ ਕਰ ਦਿਤਾ।

ਉਹ ਛੇਤੀ ਹੀ ਮਗਰੋਂ ਖੋਜ ਕਰਦਾ ਹੋਇਆ ਸਿੰਘਾਂ ਪਿਛੇ ਲੱਗ ਤੁਰਿਆ। ਵੈਰੀ ਸੈਨਾ ਡਿਗਿਆਂ ਢਠਿਆਂ ਤੇ ਘਾਇਲਾਂ ਉਤੇ ਆਪਣਾ ਗੁੱਸਾ ਕੱਢ ਰਹੀ ਸੀ। ਜੇ ਕਿਤੇ ਦੋ ਚਾਰ ਸਿੰਘ ਹੱਥ ਆ ਜਾਂਦੇ ਤਾਂ ਉਹਨਾਂ ਨੂੰ ਮਾਰ ਮੁਕਾਉਂਦੇ। ਉਹਨਾਂ ਦੇ ਸ਼ਹੀਦ ਹੋਏ ਸਰੀਰਾਂ ਦੇ ਟੁਕੜੇ ਟੁਕੜੇ ਕਰਕੇ ਆਪਣਾ ਗੱਚ ਕਢਦੇ। ਵੈਰੀ ਫੌਜ ਦੇ ਜਿੰਨੇ ਵੀ ਯੋਧੇ ਦਲੇਰੀ ਕਰਕੇ ਅੱਗੇ ਵਧ ਕੇ ਝਲ ਵਿਚ ਵੜੇ, ਸਿੰਘਾਂ ਤੇਗ਼ਾਂ ਤੇ ਨੇਜ਼ਿਆਂ ਨਾਲ ਝਾੜ ਸੁਟੇ।

**ਪੈਦਲ ਸਿੰਘਾਂ ਦੇ ਬਚਾਅ ਦੇ ਯਤਨ—**

ਦੁਸ਼ਮਣ ਪਾਸੋਂ ਖੋਹ ਕੇ ਲਿਆਂਦੇ ਘੋੜਿਆਂ ਨਾਲੋਂ ਪੈਦਲ ਬਹੁਤ ਜ਼ਿਆਦਾ ਸਨ। ਘੋੜਿਆਂ ਵਾਲਿਆਂ ਸਿੰਘਾਂ ਲਈ ਜ਼ਰੂਰੀ ਸੀ ਕਿ ਪੈਦਲ ਵਹੀਰ ਨੂੰ ਬਚਾਅ ਕੇ ਲੈ ਨਿਕਲਣ। ਸਰਦਾਰਾਂ ਮਤਾ ਪਕਾਇਆ ਕਿ ਵਹੀਰ ਨੂੰ ਅੱਗੇ ਕਰ ਘੋੜਿਆਂ ਵਾਲੇ ਸਿੰਘ ਇਹਨਾਂ ਦੇ ਪਿਛੇ ਤੇ ਸ਼ਤਰੂ ਸੈਨਾ ਦੇ ਮੂਹਰੇ ਹੋ ਜਾਣ। ਵਹੀਰ ਅਗੇ ਨੂੰ ਤੁਰੀ ਜਾਵੇ, ਘੋੜ-ਸਵਾਰ ਸਿੰਘ ਪਿਛੇ ਮੁੜ ਮੁੜ ਵੈਰੀ ਨਾਲ ਲੜਨ ਤੇ ਮਾਰ ਮਾਰ ਉਹਨਾਂ ਨੂੰ ਪਿਛੇ ਹਟਾਈ ਰਖਣ। ਦਾਅ ਬਚਾਅ ਫਿਰ ਅੱਗੇ ਨੂੰ ਤੁਰਨ। ਵੈਰੀ ਨੂੰ ਪਿਆਦਾ ਵਹੀਰ ਦੇ ਨਜ਼ਦੀਕ ਨਾ ਢੁਕਣ ਦੇਣ। ਇਹਨਾਂ ਛੋਟੇ ਝਲਾਂ ਵਿਚ ਦੁਸ਼ਮਣ ਦਾ ਕੱਸ ਪੈ ਜਾਵੇਗਾ ਤਾਂ ਸਾਨੂੰ ਖਰਾਬ ਕਰਨਗੇ। ਇਸ ਲਈ ਇਹਨਾਂ 'ਚੋਂ ਛੇਤੀ ਨਿਕਲ ਜਾਣਾ ਚਾਹੀਦਾ ਹੈ। ਇਕ ਵਾਰ ਵੱਡੇ ਝਲਾਂ ਵਿਚ ਜਾ ਵੜੇ ਤਾਂ ਮਾਰ ਮਾਰ ਵੈਰੀਆਂ ਨੂੰ ਸੁਰਤ ਭੁਲਾ ਦਿਆਂਗੇ। ਹੁਣ ਧਾ ਕੇ ਵੱਡੇ ਸੰਘਣੇ ਝਲਾਂ ਵਿਚ ਘੁਸ ਚਲੋ। ਪੈਦਲ ਵਹੀਰ ਨੂੰ ਸਿਰਫ਼ ਇਸੇ ਢੰਗ ਨਾਲ ਬਚਾਇਆ ਜਾ ਸਕਦਾ ਸੀ। ਸੋ ਸਿੰਘ ਚਲਦੇ ਚਲਦੇ ਪਿਛੇ ਮੁੜ ਕੇ ਲੜਦੇ ਸਨ ਤੇ ਲੜਦੇ ਲੜਦੇ ਵਹੀਰ ਨੂੰ ਬਚਾਉਂਦੇ ਹੋਏ ਅਗਾਂਹ ਨੂੰ ਤੁਰੀ ਜਾਂਦੇ ਸਨ।

ਲਖਪਤ ਰਾਏ ਵੀ ਫੌਜ ਲਈ ਕਾਂਗ ਵਾਂਗ ਚੜ੍ਹਿਆ ਆ ਰਿਹਾ ਸੀ। ਉਸ ਨੇ ਪਿੰਡਾਂ ਦੀਆਂ ਛੇੜਾਂ ਝਲਾਂ ਵਿਚ ਵਾੜ ਦਿਤੀਆਂ। ਮੂਹਰੇ ਮੂਹਰੇ ਢੋਲ ਵਜਦੇ ਤੇ ਮਗਰ ਮਗਰ ਬੰਦੂਕਾਂ, ਸੇਲੇ, ਛਵ੍ਹੀਆਂ, ਕੁਹਾੜੀਆਂ ਤੇ ਤਲਵਾਰਾਂ ਫੜੀ ਪਿੰਡਾਂ ਦੀਆਂ ਮਛਰੀਆਂ ਛੇੜਾਂ ਸਿੰਘਾਂ ਨੂੰ ਝਲਾਂ ਵਿਚੋਂ ਇੰਜ ਲਭਣ ਲੱਗੀਆਂ ਜਿਵੇਂ ਸ਼ਿਕਾਰੀ ਕੁੱਤੇ ਹਰਨਾਂ ਮਗਰ ਪਏ ਹੁੰਦੇ ਹਨ। ਇਹ ਵੇਲਾ ਸਿੰਘਾਂ ਉਤੇ, ਖਾਸ ਕਰ ਪੈਦਲ ਵਹੀਰ ਲਈ ਬੜਾ ਔਖ ਦਾ ਸੀ। ਪਰ ਖਾਲਸੇ ਨੇ ਸਤਿਗੁਰੂ ਨੂੰ ਧਿਆ ਕੇ ਅਗੇ ਵਧੀ ਜਾਂਦਿਆਂ ਮੁੜ ਮੁੜ ਕੇ ਉਹ ਹੱਲੇ ਕੀਤੇ ਕਿ ਮੁਲਖਈਏ ਦੀ ਹੁਰਲ ਹੋ ਗਈ ਤੇ ਐਸੀ ਭਗਦੜ ਮੱਚੀ ਕਿ ਜਿਧਰ ਕਿਸੇ ਦੀਆਂ ਲੱਤਾਂ ਉਸ ਨੂੰ ਲੈ ਗਈਆਂ, ਜਾਨ ਬਚਾਉਣ ਲਈ ਉਧਰ ਹੀ ਭਜ ਨਿਕਲਿਆ। ਢੋਲਚੀ ਵੀ ਢੋਲ ਛੱਡ ਛੱਡ ਨਸ ਤੁਰੇ। ਹਰ ਕੋਈ ਚਾਹੇ ਕਿ ਉਹ ਪਿਛੇ ਨਾ ਰਹਿ ਜਾਵੇ। ਸੱਟ ਖਾ ਕੇ ਬਿਫਰੇ ਸ਼ੇਰ ਦਾ ਮੁਕਾਬਲਾ ਕਰਨਾ ਕੋਈ ਖੇਡ ਨਹੀਂ ਹੁੰਦੀ। ਜਾਨਾਂ ਤਲੀ ਤੇ ਧਰ ਕੇ ਲੜਨ ਵਾਲਿਆਂ ਦੇ ਸਾਹਮਣੇ ਇਨਾਮ ਦੇ ਲਾਲਚ ਵਿਚ ਪਿੰਡਾਂ ਦੀਆਂ ਛੇੜਾਂ ਅਤੇ ਤਨਖ਼ਾਹਦਾਰ ਸਿਪਾਹੀਆਂ ਨੇ ਕੀ ਅੜਨਾ ਸੀ? ਸਿੰਘਾਂ ਦੇ ਤਲਵਾਰਾਂ ਧੂਹ ਕੇ ਤੇ ਨੇਜ਼ੇ ਸਿੰਨ੍ਹ ਕੇ ਰੋਹ ਵਿਚ 'ਅਕਾਲ' 'ਅਕਾਲ' ਗਜਾਉਂਦੇ ਇਹਨਾਂ ਵਲ ਹੋਣ ਦੀ ਦੇਰ ਸੀ ਕਿ ਸਭ ਨੂੰ ਮੂਹਰੇ ਮੌਤ ਵਿਖਾਲੀ ਦੇਣ ਲੱਗੀ। ਸਭ ਨੂੰ ਆਪੋ ਧਾਪੀ ਪੈ ਗਈ ਤੇ ਤ੍ਰੇਹਨਾਂ ਨੇ ਜਾਨਾਂ ਬਚਾ



www.AKJ.Org

ਕੇ, ਡਰੇ ਹੋਏ ਭੇਡਾਂ ਦੇ ਇਜੜ ਵਾਂਗ ਭਜਣ ਦੀ ਕੀਤੀ। ਲਖਪਤ ਤੇ ਉਸ ਦੇ ਅਫਸਰਾਂ ਬਥੇਰੀ ਹਲਾ-ਸ਼ੇਰੀ ਦਿਤੀ, ਲਾਲਚ ਤੇ ਡਰਾਵੇ ਵੀ ਦਿਤੇ, ਪਰ ਪਿੜੋਂ ਉਖੜਿਆਂ ਦੀ ਕੌਣ ਧੀਰ ਧਰਾਵੇ।

**ਸਿੰਘ ਰਾਵੀ ਕੰਢੇ ਕੰਢੇ ਵਾਪਸ ਲਾਹੌਰ ਵਲ ਨੂੰ–**

ਸਿੰਘਾਂ ਦੀ ਮਾਰ ਤੋਂ ਤਰੱਠਿਆ ਹੋਇਆ ਮੁਲਖਈਆ, ਹੁਣ ਸਿੰਘਾਂ ਪਿਛੇ ਪੈਣ ਲਈ ਝਲ ਵਿਚ ਵੜਨ ਵਾਸਤੇ ਮੂੰਹ ਨਾ ਕਰੇ। ਫੌਜ ਦੇ ਹੁਣ ਕਾਫ਼ੀ ਸਵਾਰ ਤੇ ਪਿਆਦਾ ਸਿਪਾਹੀ ਝਲ ਵਿਚ ਵਾੜੇ ਗਏ। ਧਾੜਾਂ ਨੂੰ ਧਕ ਕੇ ਨਾਲ ਕੀਤਾ। ਕਿਸੇ ਦਾ ਦਿਲ ਸਾਥ ਨਾ ਦੇਵੇ ਕਿ ਸੰਘਣੇ ਝਲ ਵਿਚ ਅੱਗੇ ਵਧ ਕੇ ਸਿੰਘਾਂ ਦੇ ਗਲ ਪਵੇ। ਸਾਰਿਆਂ ਦੀ ਦਿਲੀ ਖ਼ਾਹਿਸ਼ ਸੀ ਕਿ ਝਲ ਵਿਚ ਸਿੰਘਾਂ ਤੋਂ ਖਾਸੀ ਵਿਥ ਤੇ ਹੀ ਰਹੇ। ਇਸ ਆਨਾ-ਕਾਨੀ ਵਿਚ ਫੌਜ ਨੇ ਕਾਫ਼ੀ ਸਮਾਂ ਗੁਆ ਲਿਆ, ਜਿਸ ਤੋਂ ਲਾਭ ਉਠਾ ਕੇ ਸਿੰਘ ਬਹੁਤ ਅਗੇ ਵਧ ਗਏ ਸਨ। ਲਖਪਤ ਨੇ ਫੌਜ ਤੇ ਮੁਲਖਈਏ ਨੂੰ ਦਿਲ ਛੱਡੀ ਬੈਠੇ ਵੇਖ ਕੇ ਆਪਣਾ ਹਾਥੀ ਝਲ ਵਿਚ ਵਧਾਇਆ ਤੇ ਸਾਰਿਆਂ ਨੂੰ ਕੁਝ ਕਰ ਗੁਜ਼ਰਨ ਲਈ ਡਾਢਾ ਵੰਗਾਰਿਆ। ਇਕ ਵਾਰ ਜੋਸ਼ ਵਿਚ ਨਾਅਰੇ ਗੂੰਜੇ,ਜਵਾਨਾਂ ਦੇ ਸੀਨਿਆਂ ਵਿਚ ਤਿਖ ਆਈ ਤੇ ਅੱਗੇ ਵਧ ਤੁਰੇ।

ਸਿੰਘ ਰਾਵੀ ਦੇ ਸੱਜੇ ਕੰਢੇ ਸੰਘਣੇ ਝਲੋ ਝਲ ਲਾਹੌਰ ਵਲ ਨੂੰ ਆ ਰਹੇ ਸਨ ਤੇ ਲਖਪਤ ਵੀ ਫੌਜਾਂ ਨੂੰ ਲਲਕਾਰਦਾ ਹੋਇਆ ਮਗਰੋਂ ਦੱਬੀ ਆ ਰਿਹਾ ਸੀ। ਪੈਦਲ ਵਹੀਰ ਤੇ ਜ਼ਖਮੀਆਂ ਕਾਰਨ ਸਿੰਘਾਂ ਵਾਸਤੇ ਦੁਸ਼ਮਣ ਨਾਲੋਂ ਕਾਫ਼ੀ ਵਿਥ ਤੇ ਰਹਿਣਾ ਔਖਾ ਹੋ ਰਿਹਾ ਸੀ। ਪੈਰੋ ਪੈਰ ਇਹ ਵਿਥ ਘਟਦੀ ਵੇਖ ਕੇ ਫੈਸਲਾ ਕੀਤਾ ਕਿ ਰਾਵੀ ਟੱਪ ਕੇ ਖੱਬੇ ਕੰਢੇ ਤੇ ਹੋ ਜਾਈਏ ਤੇ ਇਥੋਂ ਰਿਆੜਕੀ ਅਤੇ ਮਾਝੇ ਵਿਚ ਦੀ ਲੰਘ ਕੇ ਮਾਲਵੇ ਵਿਚ ਖਿਲਰ ਜਾਈਏ। ਜਦ ਝਲ ਵਿਚ ਦੀ ਹੋ ਕੇ ਦਰਿਆ ਦੇ ਕੰਢੇ ਤੇ ਪੁਜੇ ਤਾਂ ਸਿਖਰ ਦੁਪਹਿਰ ਹੋ ਚੁਕੀ ਸੀ। ਦਭ, ਕਾਹੀ ਤੇ ਸਰਕੜੇ ਦੇ ਤੁਲ੍ਹੇ ਬਣਾ ਕੇ ਪਾਰ ਹੋਣਾ ਆਰੰਭ ਕਰ ਦਿਤਾ।

ਫੌਜ ਸਿੰਘਾਂ ਦੀ ਖੋਜ ਵਿਚ ਮਗਰ ਮਗਰ ਝਲ ਅੰਦਰ ਟੱਕਰਾਂ ਮਾਰਦੀ ਆ ਰਹੀ ਸੀ ਕਿ ਸਿੰਘ ਰਾਵੀ ਟੱਪ ਕੇ ਖੱਬੇ ਕੰਢੇ ਤੇ ਹੋ ਗਏ। ਇਹਨਾਂ ਦੇ ਇੰਜ ਪਾਰ ਹੋ ਜਾਣ ਦੀ ਅਜੇ ਫੌਜ ਨੂੰ ਖ਼ਬਰ ਨਹੀਂ ਸੀ ਮਿਲੀ। ਹੁਣ ਲਖਪਤ ਦੀ ਫ਼ੌਜ ਤੇ ਸਿਘਾਂ ਵਿਚਕਾਰ ਝਲ ਅਤੇ ਚੜ੍ਹਿਆ ਹੋਇਆ ਵਹਿੰਦਾ ਦਰਿਆ ਸੀ। ਪਰ ਸਿੰਘਾਂ ਸਿਰੋਂ 'ਬਿਪਤਾ' ਟਲਣ ਦੀ ਥਾ ਸਗੋਂ ਇਕ ਹੋਰ ਭਿਆਨਕ ਰੂਪ ਧਾਰੀ ਖੜੀ ਸੀ। ਦਰਿਆ ਦੇ ਇਸ ਖਬੇ ਕੰਢੇ ਨਾਲ ਦੋ ਢਾਈ ਕੋਹ (ਤਿੰਨ ਕੁ ਮੀਲ) ਦੀ ਇਕ ਤਕੜੀ ਬਰੇਤੀ (ਦਰਿਆਈ ਮੋਟੀ ਰੇਤ ਦੀ) ਸੀ, ਜਿਸ ਦੀ ਰੇਤ ਜੇਠ ਦੀ ਸਿਖਰ ਦੁਪਹਿਰ ਦੀ ਗਰਮੀ ਨਾਲ ਅੰਗਿਆਰਾਂ ਵਾਂਗ ਭਖ ਰਹੀ ਸੀ। ਮਾਨੋ ਇਹ ਤਿੰਨ ਮੀਲ ਚੌੜੀ, ਗਰਮੀ ਨਾਲ ਭਖ ਰਹੀ ਲੋਹ ਸੀ, ਜਿਸ ਉਪਰ ਦੀ ਸਿੰਘਾਂ ਗੁਜ਼ਰਨਾ ਸੀ। ਤੇ ਗੁਜ਼ਰਨਾ ਵੀ ਇਹਨਾਂ ਹੁਣੇ ਹੁਣੇ ਸੀ, ਕਿਉਂ ਜੁ ਸੂਰਜ ਨੂੰ ਨੀਵਾਂ ਹੋਣ ਤੇ ਰੇਤ ਦੇ ਕੁਝ ਕੁ ਠੰਢੇ ਹੋਣ ਤਕ ਖਲੋ ਕੇ ਉਡੀਕਣਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਦੁਸ਼ਮਣ ਮੌਤ ਦਾ ਤੂਫ਼ਾਨ ਬਣ ਕੇ ਮਗਰ ਚੜ੍ਹਿਆ ਆ ਰਿਹਾ ਸੀ। ਸੋ ਇਸ ਅੱਗ ਦੇ ਦਰਿਆ ਵਿਚ ਦੀ ਹੋ ਤੁਰ। ਘੋੜਿਆਂ ਵਾਲੇ ਤਾਂ ਬਿਨਾਂ ਬਹੁਤੀ ਔਖ ਦੇ ਜਿਵੇਂ ਕਿਵੇਂ ਇਸ ਆਫ਼ਤ ਨੂੰ ਚੀਰਦੇ ਹੋਏ ਨਿਕਲ ਗਏ। ਪਰ ਪੈਦਲ ਸਿੰਘਾਂ ਦੇ ਨੰਗੇ ਵਾਹਣੇ ਪੈਰ ਸੜ ਸੜ ਭੜਥਾ ਹੋ ਗਏ ਤੇ ਉਹ ਲਗੇ ਫੜਕ ਫੜਕ ਢੇਰੀ ਹੋਣ। ਜ਼ਖਮੀ ਜੋ ਹੁਣੇ ਹੁਣੇ ਦਰਿਆ ਵਿਚ ਦੀ ਲੰਘਾਏ ਸਨ, ਉਹ ਦਰਿਆ ਦਾ ਪਾਣੀ ਲੱਗਣ ਨਾਲ ਫੱਟਾਂ ਵਿਚ ਚੀਸਾਂ ਪੈਣ ਨਾਲ ਬਿਹਬਲ ਹੋਏ ਪਏ ਸਨ, ਹੁਣ ਜਦ ਪੈਰ ਵੀ ਥਲਿਓਂ ਮਚਣ ਲਗੇ ਤੇ ਉਤੋਂ ਜੇਠ ਦੀ ਕੜਕਦੀ ਧੁੱਪ ਨੇ ਆਪਣਾ ਕਹਿਰ ਢਾਹਿਆ ਤਾਂ ਉਹ ਬੁਰੀ ਤਰ੍ਹਾਂ ਨਿਢਾਲ ਹੋ ਗਏ। ਫਟੜ ਵੀ ਨੰਗੇ ਪੈਰੀਂ, ਤੇ ਉਹਨਾਂ ਨੂੰ ਸਹਾਰਾ ਦੇ ਕੇ ਜਾਂ ਚੁਕ ਕੇ ਲਈ ਆਉਂਦੇ ਸਿੰਘ ਵੀ ਨੰਗੇ ਪੈਰੀਂ। ਤਨ ਉਤੇ ਤਾਂ ਪੂਰੇ ਕਪੜੇ ਵੀ ਨਹੀਂ ਸਨ, ਪੈਰੀਂ ਜੋੜੇ ਕਿਥੋਂ! ਕਿਸੇ ਪਾਸ ਵਾਧੂ ਕਪੜੇ ਨਹੀਂ ਸਨ। ਇਸ ਬਿਪਤਾ ਮੂੰਹ ਫਸਿਆ ਤਨ ਤੇ ਜੋ ਥੋੜੇ ਬਹੁਤ ਕਪੜੇ ਸਨ, ਉਹ ਪਾੜ ਪਾੜ ਕੇ ਪੈਰਾਂ ਨੂੰ ਬੰਨ੍ਹੇ। ਜਦ ਬੈਠ ਕੇ ਪੈਰਾਂ ਦੁਆਲੇ ਕਪੜੇ ਬੰਨ੍ਹਣ ਤਾਂ ਹੇਠੋਂ ਪੱਟ ਤੇ ਚਿਤੜ ਸੜਨ। ਵੱਡੇ ਵੱਡੇ ਛਾਲੇ ਤੇ ਫਲੂਹੇ ਪੈ ਗਏ ਤੇ ਤੁਰਨੋਂ ਆਰੀ ਹੋ ਗਏ। ਕਈ ਦਿਨਾਂ ਦੇ ਢਿਡੋਂ ਭੁਖੇ, ਉਨੀਂਦਰਾ, ਥਕਾਵਟ, ਜ਼ਖ਼ਮਾਂ ਨਾਲ ਵਿੰਨ੍ਹੇ ਪਾਟੇ ਸਰੀਰ, ਜੇਠ ਮਹੀਨੇ ਦੀ ਕਹਿਰ ਭਰੀ ਗਰਮੀ ਤੇ ਸਾੜ ਭੁੰਨ ਕੇ ਰਖ ਦੇਣ ਵਾਲੀ ਲੋਅ, ਪੈਰਾਂ ਥਲੇ ਮਘਦੀ



www.AKJ.Org

ਭੱਠੀ ਵਾਂਗ ਹੋਈ ਬਰੇਤੀ, ਪਿਛੇ ਪੱਥਰ-ਦਿਲ ਤੇ ਬੇਰਹਿਮ ਵੈਰੀ ਹੈ, ਜੋ ਮਾਰ ਮੁਕਾਉਣ ਲਈ ਦੱਬੀ ਆ ਰਿਹਾ ਹੈ ਅਤੇ ਅਗਲੀ ਮਨਜ਼ਲ ਦਾ ਕੋਈ ਪਤਾ ਨਹੀਂ ਕਿ ਕਿਥੇ ਅਪੜਨਾ ਹੈ, ਉਥੇ ਕਿਸੇ ਖਲੋਣ ਵੀ ਦੇਣਾ ਹੈ ਕਿ ਨਹੀਂ। ਪਰ ਆਫ਼ਰੀਨ ਹੈ ਸਿੰਘਾਂ ਦੇ ਸਿਰੜ ਦੇ ! ਅਕਾਲ ਪੁਰਖ ਉਤੇ ਭਰੋਸਾ ਤੇ ਆਪਣੀ ਜੀਤ ਦੇ ਨਿਸਚੇ ਉਤੇ ਦ੍ਰਿੜ੍ਹ ਕਸੀਸ ਵੱਟ ਕੇ ਤੁਰੀ ਗਏ ਤੇ ਇਸ ਦੋਜ਼ਖ ਦੀ ਅੱਗ ਦੇ ਦਰਿਆ ਨੂੰ ਪਾਰ ਕਰ ਗਏ।

## ਕਿੰਨੇ ਕੁ ਸਿੰਘ ਸ਼ਹੀਦ ਹੋਏ–

ਦੋ ਜੇਠ ਸੰਮਤ ੧੮੦੩ ਦਾ ਦਿਨ ਸਿਖ ਇਤਿਹਾਸ ਵਿਚ ਪਹਿਲਾ ਦਿਨ ਸੀ ਜਦ ਕਿ ਕਿਸੇ ਇਕੋ ਦਿਨ ਏਨੀ ਵੱਡੀ ਗਿਣਤੀ ਵਿਚ ਸਿੰਘ ਸ਼ਹੀਦ ਹੋਏ ਹੋਣ । ਜਦ ਲਖਪਤ ਰਾਏ ਨੇ ਲਾਹੌਰੋਂ ਸਿੰਘਾਂ ਵਿਰੁੱਧ ਚੜ੍ਹਾਈ ਕੀਤੀ ਸੀ, ਉਸ ਵੇਲੇ ਕੋਈ ਪੰਦਰ੍ਹਾਂ ਕੁ ਹਜ਼ਾਰ ਸਿੰਘ ਕਾਹਨੂੰਵਾਨ ਦੇ ਛੰਭ ਵਿਚ ਸਨ । ਜੋ ਇਥੋਂ ਸਿੰਘ ਨਿਕਲ ਕੇ ਪੜੋਲ, ਕਠੂਹੇ ਤੇ ਬਸੋਹਲੀ ਦੀਆਂ ਪਹਾੜੀਆਂ ਤੇ ਫਿਰ ਇਥੋਂ ਪਿਛਾਂਹ ਨੂ ਹਟੇ ਤੇ ਦੋ ਜੇਠ ਦੇ ਘੋਰ ਯੁਧ ਪਿਛੋਂ ਦੁਸ਼ਮਣ ਨੂੰ ਚੀਰ ਕੇ ਮੁੜ ਰਾਵੀ ਨੂੰ ਪਾਰ ਕਰਕੇ ਬਚ ਕੇ ਸ: ਸੁਖਾ ਸਿੰਘ ਦੇ ਜਥੇ ਨਾਲ ਮਾਲਵੇ ਪੁਜੇ, ਉਹ ਤਿੰਨ ਕੁ ਹਜ਼ਾਰ ਦੇ ਲੱਗ ਪੱਗ ਸਨ। ਕੁਝ ਦੂਜੇ ਸਰਦਾਰਾਂ ਨਾਲ ਵੀ ਸਨ। ਕੁਝ ਥੋੜੇ ਥੋੜੇ ਕਰਕੇ ਬਸੋਹਲੀ ਦੀਆਂ ਪਹਾੜੀਆਂ ਤੋਂ ਅੱਗੇ ਪਹਾੜੋ ਪਹਾੜ ਹੋ ਕੇ ਬਚ ਨਿਕਲੇ ਹੋਣਗੇ, ਜੋ ਬੇਸ਼ੁਮਾਰ ਕਸ਼ਟ ਸਹਾਰਦੇ ਹੋਏ ਕੀਰਤਪੁਰ ਆਣ ਪੁਜੇ ਸਨ। ਇਨ੍ਹਾਂ ਦੀ ਗਿਣਤੀ ਬਹੁਤੀ ਨਹੀਂ ਹੋ ਸਕਦੀ । ਸਾਰੇ ਮਿਲ ਮਿਲਾ ਕੇ ਪੰਜ ਕੁ ਹਜ਼ਾਰ ਦੇ ਕਰੀਬ ਹੋਣਗੇ। ਇਸ ਹਿਸਾਬ ਨਾਲ ੯–੧੦ ਹਜ਼ਾਰ ਦੇ ਵਿਚਕਾਰ ਇਸ ਜੰਗ ਵਿਚ ਸ਼ਹੀਦੀਆਂ ਪਾ ਗਏ ਸਨ। ਇਸ ਗਿਣਤੀ ਵਿਚ ਉਹ ਸਿੰਘ ਵੀ ਸਨ ਜਿਹੜੇ ਬਸੋਹਲੀ ਦੇ ਪਹਾੜੀਆਂ ਦੇ ਫੰਧੇ ਵਿਚ ਫਸੇ ਹੋਏ ਸਨ। ਉਨ੍ਹਾਂ ਨੂੰ ਦੀਵਾਨ ਲਖਪਤ ਰਾਏ ਦੇ ਹਵਾਲੇ ਕਰ ਦਿਤਾ ਸੀ ਤੇ ਇਨ੍ਹਾਂ ਦੀ ਗਿਣਤੀ ਇਕ ਹਜ਼ਾਰ ਸੀ । ਇਨ੍ਹਾਂ ਨੂੰ ਬੰਦੀ ਬਣਾ ਕੇ ਲਾਹੌਰ ਭਜਿਆ ਗਿਆ । ਲਖਪਤ ਰਾਏ ਨੇ ਮੁਹਿੰਮ ਤੋਂ ਵਾਪਸ ਆ ਕੇ ਇਨ੍ਹਾਂ ਸੂਰਮਿਆਂ ਨੂੰ ਖੋਤਿਆਂ ਤੇ ਚੜ੍ਹਾ ਕੇ ਲਾਹੌਰ ਦੇ ਬਾਜ਼ਾਰਾਂ ਵਿਚ ਫੇਰਿਆ ਤੇ ਆਪਣੇ ਵਲੋਂ ਰੱਜ ਕੇ ਜ਼ਲੀਲ ਕੀਤਾ । ਫਿਰ ਇਹ ਸਾਰੇ ਦਿਲੀ ਦਰਵਾਜ਼ਿਓਂ ਬਾਹਰ ਘੋੜ ਮੰਡੀ (ਬਾਜ਼ਾਰ ਨਖਾਸ–ਅਜੋਕੇ ਵੱਡੇ ਰੇਲਵੇ ਸਟੇਸ਼ਨ ਦੇ ਲਾਗੇ) ਵਾਲੇ ਥਾਂ ਤੇ ਬੜੀ ਬੇਹਹਿਮੀ ਨਾਲ ਤਸੀਹੇ ਦੇ ਦੇ ਕੇ ਕਤਲ ਕਰਵਾ ਦਿਤੇ। ਇਹ ਥਾਂ ਸੂਬੇਦਾਰ ਜ਼ਬਰਦਸਤ ਖਾਨ, ਅਸਲਮ ਖਾਨ ਤੇ ਅਬਦਸੱਮਦ ਖਾਨ ਦੇ ਪੁੱਤਰ ਜ਼ਕਰੀਆ ਖਾਨ, ਖਾਨ ਬਹਾਦਰ ਦੇ ਵੇਲੇ ਤੋਂ ਸਿੰਘਾਂ ਦੀ ਕਤਲਗਾਹ ਬਣਿਆ ਰਿਹਾ ਸੀ। ਮੀਰ ਮੰਨੂੰ ਨੇ ਤਾਂ ਪਿਛੋਂ ਹੱਦ ਹੀ ਮੁਕਾ ਦਿਤੀ ਸੀ । ਉਸ ਨੇ ਏਨੇ ਬੇਸ਼ੁਮਾਰ ਸਿਖ ਮਰਵਾਏ ਸਨ ਕਿ ਉਨ੍ਹਾਂ ਦੇ ਸਿਰਾਂ ਦੇ ਮੁਨਾਰ ਉਸਾਰਦੇ ਰਹੇ, ਖੂਹ ਸਿਰਾਂ ਨਾਲ ਭਰ ਦਿਤੇ, ਲਾਸ਼ਾਂ ਦੇ ਢੇਰਾਂ ਦੇ ਢੇਰ ਲੱਗ ਜਾਂਦੇ ਰਹੇ। ਇਸ ਲਈ ਇਹ ਥਾਂ ਸ਼ਹੀਦ ਗੰਜ ਦੇ ਨਾਉਂ ਨਾਲ ਪ੍ਰਸਿਧ ਹੋ ਗਿਆ।

ਦੀਵਾਨ ਲਖਪਤ ਰਾਏ ਦੀ ਇਸ ਮੁਹਿੰਮ, ਜਿਸ ਨੂੰ ਉਸ ਨੇ 'ਖਾਲਸਾ ਪੰਥ ਦਾ ਨਾਉਂ ਦੁਨੀਆ ਤੋਂ ਮਿਟਾ ਦੇਣ' ਦੀ ਸਹੁੰ ਖਾ ਕੇ ਬੜੀ ਭਾਰੀ ਫ਼ੌਜੀ ਤਿਆਰੀ ਨਾਲ ਆਰੰਭ ਕੀਤਾ ਸੀ, ਵਿਚ ਇਕ ਦਿਨ ਅੰਦਰ ਸਿੰਘਾਂ ਦੇ ਹੋਏ ਏਡੇ ਵਡੇ ਜਾਨੀ ਨੁਕਸਾਨ ਦੇ ਕਾਰਨ ਹੀ ਇਸ ਘਟਨਾ ਨੂੰ ਸਿਖ ਇਤਿਹਾਸ ਵਿਚ ਪਹਿਲਾ ਜਾਂ ਛੋਟਾ ਘਲੂਘਾਰਾ ਦਾ ਨਾਮ ਦਿਤਾ ਗਿਆ।

ਦੂਸਰਾ ਤੇ ਵੱਡਾ ਘਲੂਘਾਰਾ ਇਸ ਵਾਕਿਆ ਤੋਂ ਪੌਣੇ ਸੋਲ੍ਹਾਂ (੧੬) ਸਾਲ ਪਿਛੋਂ ਕੁਪ-ਰਹੀੜੇ ਦੇ ਮੈਦਾਨ ਤੋਂ ਆਰੰਭ ਹੋ ਕੇ ਕੁਤਬਾ ਬਾਹਮਣੀਆਂ, ਮੂਮ ਗਹਿਲਾਂ ਪਿੰਡਾਂ ਤਕ ੨੮ ਮਾਘ ਸੰਮਤ ੧੮੧੯ ਬਿਕਰਮੀ, ਮੁਤਾਬਿਕ ੫ ਫਰਵਰੀ ੧੭੬੨ ਨੂੰ ਅਹਿਮਦਸ਼ਾਹ ਅਬਦਾਲੀ ਦੇ ਛੇਵੇਂ ਹੱਲੇ ਵੇਲੇ ਵਾਪਰਿਆ ਸੀ, ਜਿਸ ਵਿਚ ੧੮-੨੦ ਹਜ਼ਾਰ ਦੇ ਦਰਮਿਆਨ ਵਹੀਰ ਦੇ ਸਿੰਘ ਸਿੰਘਣੀਆਂ ਤੇ ਬੱਚੇ ਸ਼ਹੀਦ ਹੋਏ ਸਨ । ਇਸ ਵੇਲੇ ਸਿੰਘਾਂ ਵਿਰੁਧ ਅਹਿਮਦਸ਼ਾਹ ਅਬਦਾਲੀ ਤੇ ਉਸ ਦੀ ਦੁਰਾਨੀ ਫ਼ੌਜ, ਜਿਸ ਵਿਚ ਸ਼ਾਹਵਲੀ ਖ਼ਾਨ ਬਾਮਜ਼ਈ ਤੇ ਜਹਾਨ ਖਾਨ ਵਰਗੇ ਉਘੇ ਜਰਨੈਲ ਸ਼ਾਮਲ ਸਨ, ਨਾਲ ਸਰਹੰਦ ਦੇ ਗਵਰਨਰ ਜ਼ੈਨ ਖਾਨ ਤੇ ਉਸ ਦੇ ਦੀਵਾਨ ਲਛਮੀ ਨਾਰਾਇਣ ਫ਼ੌਜ ਸਮੇਤ, ਭੀਖਣ ਖਾਨ ਮਲੇਰਕੋਟਲੀਆ ਤੇ ਕਾਸਮ ਖਾਨ ਮੜ੍ਹਲ, ਅਤੇ ਤਹਿਮਾਸ ਖਾਨ ਆਪਣੀਆਂ ਫ਼ੌਜਾਂ ਨਾਲ ਅਬਦਾਲੀ


www.AKJ.Org

ਦੇ ਮਦਦਗਾਰ ਸਨ। ਉਸ ਦਿਨ ਵੀ ਅਹਿਮਦ ਸ਼ਾਹ ਅਬਦਾਲੀ ਦਿਲੋਂ ਧਾਰ ਕੇ ਗਿਆ ਸੀ ਕਿ ਸਿਖਾਂ ਦਾ ਖੁਰਾ ਖੋਜ ਜਹਾਨ ਚੋਂ ਮਿਟਾ ਦੇਣਾ ਹੈ।

**ਸਿੰਘਾਂ ਦਾ ਮਾਲਵੇ ਵਲ ਨਿਕਲ ਜਾਣਾ :–**

ਜਿਥੋਂ ਸਿੰਘਾਂ ਨੇ ਦਰਿਆ ਟੱਪ ਕੇ ਬਰੇਤੀ ਪਾਰ ਕੀਤੀ, ਉਸ ਤੋਂ ਅੱਗੇ ਰਾਮੇ ਰੰਧਾਵੇ ਦਾ ਇਲਾਕਾ ਸੀ। ਇਹ ਜੱਟ ਸਰਵਰ ਸੁਲਤਾਨੀਆ ਸੀ ਤੇ ਸਿੰਘਾਂ ਨਾਲ ਰੱਬ ਵਾਸਤੇ ਦਾ ਵੈਰ ਸੀ । ਇਹ ਉਨ੍ਹਾਂ ਵਿਰੁੱਧ ਬੜਾ ਵੱਡਾ ਮੁਖ਼ਬਰ ਤੇ ਜ਼ਕਰੀਆ ਖਾਨ ਦਾ ਡਾਢਾ ਹਮਾਇਤੀ ਸੀ । ਇਸ ਨੇ ਖਾਨ ਬਹਾਦਰ ਪਾਸ ਮੁਖਬਰੀ ਕਰਕੇ ਕਈ ਵਾਰ ਸਿੰਘ ਫੜਵਾਏ ਅਤੇ ਮਰਵਾਏ ਸਨ । ਇਕੱਲਾ ਦੁਕੱਲਾ ਜੇ ਅਨਭੋਲ ਇਸ ਦੇ ਇਲਾਕੇ ਵਿਚ ਆ ਨਿਕਲਦਾ ਤਾਂ ਉਸ ਨੂੰ ਮਾਰ ਕੇ ਉਸ ਦਾ ਸਿਰ ਜਾਂ ਜੀਊਂਦੇ ਨੂੰ ਬੰਨ੍ਹ ਕੇ ਲਾਹੌਰ ਪਹੁੰਚਾ ਦੇਂਦਾ । ਇਹ ਹੁਣ ਯਾਹੀਆ ਖਾਨ ਤੇ ਲਖਪਤ ਦਾ ਹਮਾਇਤੀ ਬਣਿਆ ਹੋਇਆ ਸੀ। ਇਸ ਦੇ ਕਠੋਰ ਮਨ ਵਿਚ ਸਿੰਘਾਂ ਪ੍ਰਤਿ ਦਰਦ ਕਿਥੋਂ ਹੋਣਾ ਸੀ? ਉਨ੍ਹਾਂ ਨੂੰ ਵੀ ਇਸ ਤੋਂ ਕੋਈ ਆਸ ਨਹੀਂ ਸੀ। ਇਸ ਰੰਘਾਵੇ ਜੱਟ ਬਾਰੇ ਤਾਂ ਮਾਝੇ ਦੇ ਸਿੰਘ ਕਿਹਾ ਕਰਦੇ ਸਨ :–

ਦੇਸ ਨਾ ਰਾਮੇ ਕੇ ਤੁਮ ਜਾਈਓ ॥ ਡੇਲਾ ਬਾਟਾ ਮਾਝੇ ਖਾਈਓ ॥

ਅਰਥਾਤ, ਸਿਰੋਂ ਪਰੇ ਬਿਪਤਾ ਆ ਬਣੇ ਤਾਂ ਕਰੀਰਾਂ ਦਾ ਡੇਲਾ, ਬਾਟਾ ਤੇ ਘਾਸ ਪੱਤੇ ਖਾ ਕੇ ਸਿਰ ਪਈ ਕੱਟ ਲੈਣੀ, ਪਰ ਰਾਮੇ ਰੰਧਾਵੇ ਦੇ ਇਲਾਕੇ ਵਿਚ ਨਾ ਜਾਣਾ ।

ਰਾਮੇ ਨੂੰ ਵੀ ਸੂਹ ਮਿਲ ਚੁਕੀ ਸੀ ਤੇ ਉਹ ਵੀ ਆਪਣੀਆਂ ਛੇੜਾਂ ਇਕੱਠੀਆਂ ਕਰ ਰਿਹਾ ਸੀ। ਸਿੰਘ ਵੀ ਜਾਂਦੇ ਜਾਂਦੇ ਇਸ ਦੀ ਸੁਖ ਸਾਂਦ ਪੁਛਣਾ ਚਾਹੁੰਦੇ ਸਨ, ਪਰ ਵਹੀਰ ਤੇ ਫਟੜਾਂ ਦੇ ਨਾਲ ਹੋਣ ਕਰਕੇ ਉਹ ਬਹੁਤੇ ਸਮੇਂ ਲਈ ਅਟਕ ਨਹੀਂ ਸਨ ਸਕਦੇ । ਇਸ ਲਈ ਉਨ੍ਹਾਂ ਇਕ ਅੱਧ ਦਿਨ ਝੱਲਾਂ ਵਿਚ ਕੱਟਿਆ ਤੇ ਇਕ-ਦੰਮ ਰਾਮੇ ਦੀਆਂ ਛੇੜਾਂ ਉਤੇ ਹੱਲਾ ਬੋਲ ਦਿਤਾ । ਕੁਝ ਘੋੜ-ਸਵਾਰ ਸਿੰਘ ਵਹੀਰ ਨੂੰ ਛੇੜਾ ਤੋਂ ਪਾਸੇ ਪਾਸੇ ਲੈ ਨਿਕਲੇ ਤੇ ਬਾਕੀ ਘੋੜਿਆਂ ਵਾਲਿਆਂ ਯੋਧਿਆਂ ਨੇ ਇਕੱਠੀਆਂ ਹੋਈਆਂ ਧਾੜਾਂ ਨੂੰ ਤੇਗਾਂ ਅੱਗੇ ਧਰ ਲਿਆ। ਕਿਸੇ ਮੁਲਖਈਏ ਨੂੰ ਧਿਆਨ ਨਾ ਆਇਆ ਕਿ ਨਾਲ ਵਹੀਰ ਵੀ ਹੈ, ਤੇ ਉਹ ਕਿਸ ਪਾਸੇ ਜਾ ਰਿਹਾ ਹੈ। ਸਿੰਘਾਂ ਨੇ ਪਹਿਰ ਕੁ ਤੱਕ ਇਹਨਾਂ ਸਰਕਾਰ ਦੇ ਨਿਮਕ-ਹਲਾਲਾਂ ਨੂੰ ਕਣਕਾਂ ਦਿਆਂ ਵਢਾਂ ਵਿਚ ਰੋਲ ਰੋਲ ਮਾਰਿਆ। ਕਈ ਹੱਲੇ ਪਛਾੜੇ। ਮੁਲਖਈਏ ਦੀ ਤਾਂ "ਲਾ ਲਾ ਲਾ ਲਾ ਤੇ ਫੜ ਲੌ, ਫੜ ਲੌ" ਹੁੰਦੀ ਹੈ। ਜੰਮ ਕੇ ਲੜ ਮਰਨ ਮਾਰਨ ਵਾਲਾ ਤਾਂ ਇਹਨਾਂ ਵਿਚ ਹੌਸਲਾ ਨਹੀਂ ਹੁੰਦਾ। ਇਸ ਹਜੂਮ ਨੇ ਬੁਰੀ ਮਾਰ ਖਾਧੀ। ਛੇਕੜ ਜਿਸ ਕਿਸੇ ਦੇ ਜਿਧਰ ਸਿੰਗ ਸਮਾਏ, ਪ੍ਰਾਣ ਬਚਾਉਣ ਲਈ ਨਸ ਤੁਰਿਆ। ਰਾਮਾ ਆਪ ਬੁਰੀ ਤਰ੍ਹਾਂ ਫਟੜ ਹੋਇਆ ਤੇ ਘੇਸ ਮਾਰ ਗਿਆ। ਉਸ ਦੇ ਕਈ ਸੂਰਮੇ ਸਿੰਘਾਂ ਨੇ ਦੁਫਾੜ ਕਰ ਛਡੇ। ਕਿਸੇ ਨੂੰ ਸੁਧ ਨਾ ਰਹੀ ਕਿ ਸਿੰਘਾਂ ਦਾ ਤੂਫ਼ਾਨ ਕਿਧਰੋਂ ਆਇਆ ਤੇ ਕਿਧਰ ਚਲਿਆ ਗਿਆ। ਮੁਲਖਈਆ ਗਰਦ ਵਾਂਗ ਉਡ ਪੁਡ ਗਿਆ ਸੀ ਤੇ ਹੁਣ ਰਸਤਾ ਬਿਲਕੁਲ ਸਾਫ ਸੀ। ਉਹ ਸ੍ਰੀ ਹਰਿ ਗੋਬਿੰਦਪੁਰ ਦੇ ਪਤਣ ਵਲ ਨੂੰ ਉਲਰ ਪਏ। ਇਥੇ ਪਹੁੰਚੇ ਤਾਂ ਡਿਠਾ ਕਿ ਮਲਾਹਾਂ ਨੇ ਬੇੜੀਆਂ ਖਿਚ ਲਈਆਂ ਹਨ ਤੇ ਉਹ ਖੱਬੇ ਕੰਢੇ ਵਲ ਬਹੁਤ ਥਲੇ ਲੈ ਗਏ ਹਨ। ਪਰ ਉਹਨਾਂ ਗਾਹਣ ਬਾਣੀਂ ਪੈ ਕੇ ਬਿਆਸ ਦਰਿਆ ਪਾਰ ਕਰਕੇ ਅੱਗੇ ਵਧ ਕੇ ਮੀਰਕੋਟ ਦੀ ਝਿੜੀ ਵਿਚ ਜਾ ਡੇਰਾ ਕੀਤਾ।

ਆਲੇ ਦੁਆਲੇ ਦਿਆਂ ਪਿੰਡ ਵਿਚੋਂ ਰਸਦ ਪੱਠਾ ਲਿਆਂਦਾ। ਘੋੜੇ ਚਰਨੇ ਛੱਡ ਦਿਤੇ ਤੇ ਆਪ ਲੰਗਰ ਤਿਆਰ ਕਰਨ ਦੇ ਆਹਰ ਵਿਚ ਰੁਝ ਗਏ। ਸਿੰਘ ਕਈਆਂ ਦਿਨਾਂ ਦੇ ਭੁੱਖੇ ਸਨ। ਇਸ ਘੋਰ ਯੁਧ ਤੇ ਭਾਜੜ ਦੀ ਹਾਲਤ ਵਿਚ ਉਹਨਾਂ ਪਾਸ ਲੰਗਰ ਤਿਆਰ ਕਰਨ ਲਈ ਕੋਈ ਭਾਂਡਾ ਟੀਂਡਾ ਨਹੀਂ ਸੀ ਤੇ ਨਾ ਹੀ ਮੰਗਿਆਂ ਕੋਈ ਦੇਣ ਨੂੰ ਤਿਆਰ ਸੀ। ਇਸ ਲਈ ਜਿਨ੍ਹਾਂ ਪਾਸ ਲੋਹੇ ਦੀਆਂ ਢਾਲਾਂ ਸਨ, ਉਹਨਾਂ ਢਾਲਾਂ ਉਤੇ, ਤੇ ਜਿਨ੍ਹਾਂ ਪਾਸ ਨਹੀਂ ਸਨ ਉਹਨਾਂ ਭੋਏਂ ਤਪਾ ਕੇ ਉਸ ਤੇ ਪਰਸ਼ਾਦੇ ਸਜਾਏ। ਅਜੇ ਸਾਰਿਆਂ ਸਿੰਘਾਂ ਪ੍ਰਸ਼ਾਦੇ ਨਹੀਂ ਸਨ ਛਕੇ ਕਿ ਜਲੰਧਰ ਦਾ ਹਾਕਿਮ ਆਪਣੇ ਪਠਾਣਾਂ ਤੇ ਅਲਾਵਲਪੁਰ ਦਿਆਂ ਮੁਸਲਮਾਨਾਂ ਨੂੰ ਨਾਲ ਲੈ ਕੇ ਆਣ ਕੜਕਿਆ। ਉਸ ਦੇ ਲਾਮ-ਲਸ਼ਕਰ ਨੂੰ ਤਾਂ ਸਿੰਘ ਸੋਧ ਕੱਢਦੇ, ਪਰ ਪਿਛੋਂ ਸੂਹਿਆਂ ਆ ਕੇ ਖ਼ਬਰ ਦਿਤੀ ਕਿ ਲਖਪਤ ਵੀ ਆਪਣੀ



www.AKJ.Org

ਫ਼ੌਜ ਤੇ ਤੋਪਾਂ ਜੰਬੂਰੇ ਲੈ ਕੇ ਬਿਆਸ ਟੱਪ ਆਇਆ ਹੈ। ਇਸ ਕਰਕੇ ਸਿੰਘਾਂ ਸਬਰ ਦੇ ਘੁਟ ਭਰ ਕੇ ਘੋੜਿਆਂ ਦੀਆਂ ਪਿੱਠਾਂ ਤੇ ਹੋ ਕੇ, ਅਲਾਵਲਪੁਰ ਵਲ ਦੀ ਵਾਹਰ ਵਲ ਤੁਰੰਗ ਸਿਧੇ ਕੀਤੇ ਤੇ 'ਅਕਾਲ' 'ਅਕਾਲ' ਗੁੰਜਾਉਂਦਿਆਂ ਹੋਇਆਂ ਉਹਨਾਂ ਤੇ ਹੱਲਾ ਬੋਲਿਆ। ਇਹ ਅੱਖ ਦੇ ਪਲਕਾਰੇ ਵਿਚ ਸਿੰਘਾਂ ਮੂਹਰੇ ਇੰਜ ਖਿੰਡ ਪੁੰਡ ਗਏ ਜਿਵੇਂ ਤੇਜ਼ ਹਵਾ ਦੇ ਸਾਹਮਣੇ ਸੁੱਕੇ ਪੱਤੇ। ਸਿੰਘ ਇਥੇ ਉਲਝਣਾਂ ਨਹੀਂ ਸਨ ਚਾਹੁੰਦੇ। ਇਨ੍ਹਾਂ ਦੀਆਂ ਪੂਛਾਂ ਚੁਕਾ ਕੇ, ਸਿੰਘ ਆਪ ਦੁਆਬੇ ਵਿਚ ਦੀ ਹੁੰਦੇ ਹੋਏ ਅਲੀਵਾਲ ਦੇ ਪਤਣੋਂ ਸਤਲੁਜ ਪਾਰ ਲੰਘ ਕੇ ਮਾਲਵੇ ਵਿਚ ਜਾ ਵੜੇ। ਅੱਗੇ ਬਰਾੜਾਂ ਦੇ ਦੇਸ਼ ਵਿਚ, ਜਿਥੇ ਜਿਥੇ ਕਿਸੇ ਦੀ ਰਿਸ਼ਤੇਦਾਰੀ ਜਾਂ ਸੂਹ ਸਿਆਣ ਸੀ, ਉੱਤਰ ਪਏ ਤੇ ਸੁਖ ਦਾ ਸਾਹ ਲੈਣ ਲੱਗੇ। ਮਾਲਵੇ ਦੇ ਇਹਨਾਂ ਪਿੰਡਾਂ ਨੇ ਸਿੰਘਾਂ ਨੂੰ 'ਜੀ ਆਇਆਂ' ਆਖਿਆ ਤੇ ਸੇਵਾ ਕੀਤੀ—ਘਲ, ਮੋਗਾ, ਜ਼ੀਰਾ, ਰੁਵਾਰਾ, ਚੜਿਕ, ਘੋਲੀਆਂ, ਖੋਸੇ, ਡਰੋਲੀ, ਕੋਟ ਕਪੂਰਾ, ਇੰਦਗੜ੍ਹ, ਢੁਡੀ ਕੇ, ਰੋਡੇ, ਲੰਡੇ, ਬਧਣੀ, ਹਿੰਮਤ ਪੁਰ, ਨਹੀਏਕੇ, ਵਿੰਝੂ ਕੇ, ਸਣੀਯਰ, ਜੈਤੋ, ਭਾਈ ਰੂਪਾ, ਭਾਈ ਭਗਤਾ, ਸੁਖਾਨੰਦ ਆਦਿ। ਬਰਾੜਾਂ ਬੜਾ ਪ੍ਰੇਮ ਵਿਖਾਇਆ ਤੇ ਬੜੀ ਟਹਿਲ ਕੀਤੀ।

ਦਲ ਦੇ ਸਰਦਾਰ ਵਖ ਵਖ ਥਾਵਾਂ ਤੇ ਜਾ ਟਿਕੇ। ਸ: ਜੱਸਾ ਸਿੰਘ ਕੋਟ ਕਪੂਰੇ ਜਾ ਠਹਿਰਿਆ, ਨਵਾਬ ਕਪੂਰ ਸਿੰਘ ਵਿੰਝੂਕੇ, ਹਰੀ ਸਿੰਘ ਦਿਆਲਪੁਰੇ, ਚੜ੍ਹਤ ਸਿੰਘ ਪੱਕੇ ਪਥਰਾਲੇ, ਸ: ਦੀਪ ਸਿੰਘ (ਬਾਬਾ ਦੀਪ ਸਿੰਘ ਸ਼ਹੀਦ) ਆਪਣੇ ਸਿੰਘਾਂ ਨੂੰ ਨਾਲ ਲੈ ਕੇ ਲਖੀ ਜੰਗਲ ਵਲ ਆ ਗਏ ਤੇ ਫਿਰ ਤਲਵੰਡੀ ਸਾਬੋ ਜਾ ਟਿਕੇ। ਇਸ ਤਰ੍ਹਾਂ ਸਿੰਘ ਮਾਲਵੇ ਦਿਆਂ ਪਿੰਡਾਂ ਵਿਚ ਖਿਲਰ ਪੁਲਰ ਗਏ।

ਸ: ਸੁਖਾ ਸਿੰਘ ਜੀ ਨੇ ਜੈਤੋ ਜਾ ਕੇ ਕਮਰਕੱਸਾ ਖੋਲ੍ਹ ਲਿਆ ਤੇ ਪੰਜ ਦਿਨਾਂ ਪਿਛੋਂ ਲੱਤ ਦੀ ਮਾਲਸ਼ ਕਰਵਾਈ। ਛੇ ਕੁ ਮਹੀਨਿਆਂ ਤਕ ਤਾਂ ਇਹ ਸੂਰਮਾ ਮੰਜੇ ਤੇ ਹੀ ਰਿਹਾ। ਇਥੇ ਸਿੰਘਾਂ ਨੇ ਬੜੇ ਪਿਆਰ ਤੇ ਸਤਿਕਾਰ ਨਾਲ ਸੇਵਾ ਕੀਤੀ। ਫਿਰ ਜਦ ਤਕੜਾ ਹੋ ਗਿਆ ਤਾਂ ਪਹਿਲਾਂ ਵਾਂਗ ਹੀ ਮੂਹਰਲੀਆਂ ਸਫ਼ਾਂ ਵਿਚ ਹੋ ਕੇ ਮੁਹਿੰਮਾਂ ਮਾਰਨ ਲੱਗ।

**ਪਹਾੜੀਆਂ ਵਲ ਵਧਣ ਵਾਲੇ ਸਿੰਘਾਂ ਨਾਲ ਕੀ ਬੀਤੀ—**

ਪੜੋਲ, ਕਠੂਹੇ ਤੇ ਬਸੋਹਲੀ ਦੀਆਂ ਪਹਾੜੀਆਂ ਵਲ ਵਧਣ ਵਾਲੇ ਸਿੰਘਾਂ ਨਾਲ ਕੀ ਬੀਤੀ, ਉਹਨਾਂ ਬਾਰੇ ਦਸਣਾ ਵੀ ਜ਼ਰੂਰੀ ਹੈ। ਕਾਹਨੂੰਵਾਨੋਂ ਸਿੰਘ ਇਹ ਸੋਚ ਕੇ ਨਿਕਲੇ ਸਨ ਕਿ ਰਾਵੀ ਟੱਪ ਕੇ ਪੜੋਲ ਕਠੂਹੇ ਵੱਲ ਪਹਾੜੀਆਂ ਦੇ ਇਲਾਕੇ ਵਿਚ ਨਿਕਲ ਚਲੀਏ। ਉਹਨਾਂ ਉਤੇ ਖਾਲਸੇ ਦੇ ਬੜੇ ਇਹਸਾਨ ਹਨ ਤੇ ਸੰਭਵ ਹੈ ਇਸ ਭੀੜ ਦੇ ਸਮੇਂ ਉਹ ਦਿਨ-ਕਟੀ ਲਈ ਆਸਰਾ ਦੇਣਗੇ। ਪੜੋਲ ਕਠੂਹੇ ਦੀ ਲੜਾਈ ਸਮੇਂ ਬਹੁਤ ਸਾਰੇ ਪੈਦਲ ਸਿੰਘ ਪਹਾੜਾਂ ਵਲ ਨੂੰ ਵਧੇ ਸਨ ਕਿ ਪਹਾੜੀਂ ਚੜ੍ਹ ਕੇ ਲਖਪਤ ਦੀ ਫੌਜ ਦੀ ਮਾਰ ਤੋਂ ਪਰੇਡੇ ਨਿਕਲ ਚਲੀਏ। ਇਨ੍ਹਾਂ ਵਿਚੋਂ ਬਹੁਤੇ ਤਾਂ ਪਹਾੜਾਂ ਤੇ ਚੜ੍ਹਨ ਤੋਂ ਪਹਿਲਾਂ ਹੀ ਸ਼ਹੀਦ ਹੋ ਗਏ ਸਨ। ਪਰ ਜਿਹੜੇ ਉਪਰ ਚੜ੍ਹ ਜਾਣ ਵਿਚ ਸਫਲ ਹੋ ਗਏ, ਉਹਨਾਂ ਨੂੰ ਪਹਾੜੀਆਂ ਨੇ ਰੱਸਿਆਂ ਨਾਲ ਰੋਕ ਕੇ ਪਹਾੜਾਂ ਤੋਂ ਹੇਠਾਂ ਖਡਾਂ ਜਾਂ ਦਰਿਆ ਵਿਚ ਠੇਲ੍ਹ ਦਿਤਾ ਤੇ ਇਸ ਤਰ੍ਹਾਂ ਮਾਰ ਖਪਾਇਆ। ਕਈਆਂ ਨੂੰ ਗਲਾਂ ਵਿਚ ਫੰਧੇ ਪਾ ਕੇ ਫਸਾ ਲਿਆ ਤੇ ਇਨਾਮ ਦੀ ਖ਼ਾਤਰ ਲਖਪਤ ਦੇ ਫੌਜੀਆਂ ਦੇ ਹਵਾਲੇ ਕਰ ਦਿਤਾ। ਫਿਰ ਵੀ ਕੁਝ ਕੁ ਲੜਦੇ ਭਿੜਦੇ ਪਹਾੜਾਂ ਤੇ ਚੜ੍ਹੀ ਗਏ ਤੇ ਪਹਾੜੋ-ਪਹਾੜੀ ਅੱਗੇ ਨੂੰ ਹੋ ਤੁਰੇ। ਪਹਾੜੀਏ ਤਾਂ ਭਾਵੇਂ ਉਹਨਾਂ ਨੂੰ ਫੜ ਨਾ ਸਕੇ, ਪਰ ਭੁਖ ਨੇ ਉਨ੍ਹਾਂ ਨੂੰ ਡਾਢਾ ਲਾਚਾਰ ਕੀਤਾ। ਉਹਨਾ ਨੂੰ ਖਾਣ ਪੀਣ ਨੂੰ ਤਾਂ ਕਿਸੇ ਕੀ ਦੇਣਾ ਸੀ, ਲਾਗੇ ਵੀ ਨਾ ਢੁਕਣ ਦੇਣ। ਜਦ ਕੋਈ ਚੀਜ਼ ਮੁੱਲ ਤੋਂ ਵੀ ਨਾ ਮਿਲੇ ਤਾਂ ਇਨਸਾਨ ਕਿਧਰ ਨੂੰ ਜਾਵੇ। ਜਦ ਭੁੱਖ ਹਥੋਂ ਆਤਰ ਹੋ ਗਏ ਤਾਂ ਮਜਬੂਰ ਹੋ ਕੇ ਲੁਟ-ਮਾਰ ਕਰਨ ਲੱਗੇ। ਹੁਣ ਆਲੇ ਦੁਆਲੇ ਦੇ ਪਹਾੜੀਏ ਇਕੱਠੇ ਹੋ ਕੇ ਉਹਨਾਂ ਦੇ ਖੱਤੇ ਪੈ ਗਏ। ਉਹਨਾਂ ਲਈ ਡਾਢੀ ਮੁਸੀਬਤ ਬਣ ਗਈ। ਸਿੰਘਾਂ ਵਾਸਤੇ ਦਿਨੇ ਤੁਰਨਾ ਮੁਸ਼ਕਲ ਹੋ ਗਿਆ। ਰਾਤ ਦੇ ਸਮੇਂ ਅੰਨ੍ਹੇਰੇ ਵਿਚ ਨਾ-ਵੇਖੇ ਡਿਠੇ ਪਹਾੜਾਂ ਉਤੋਂ ਦੀ ਤੇ ਖੱਡਾਂ ਵਿਚ ਦੀ ਲੰਘਣਾ ਬਹੁਤ ਹੀ ਕਠਨ ਸੀ। ਢਿਡੋਂ ਭੁਖੇ, ਨੰਗੇ ਪੈਰ ਤੇ ਨੰਗੇ ਪਿੰਡੇ। ਅੰਨ੍ਹੇਰੇ ਵਿਚ ਪੱਥਰਾਂ ਤੋਂ ਡਿਗ ਡਿਗ ਕਈਆਂ ਦੇ ਲੱਤਾਂ ਗੋਡੇ ਤੇ ਹੱਥ ਪੈਰ ਜ਼ਖਮੀ ਹੋ ਗਏ ਸਨ। ਰਾਤ ਫਿਰ ਵੀ


www.AKJ.Org

ਸੁਖਾਲੀ ਸੀ, ਪਰ ਦਿਨ ਉਹਨਾਂ ਲਈ ਪੁਜ ਕੇ ਮਾਰੂ ਹੁੰਦਾ ਸੀ। ਸਾਰਾ ਦਿਨ ਲੁਕ ਛਿਪ ਕੇ ਕਟਦੇ। ਨਾ ਕੋਈ ਦਰਦੀ, ਨਾ ਕੋਈ ਯਾਰ ! ਕੋਈ ਲਾਗੇ ਵੀ ਨਾ ਢੁਕਣ ਦੇਵੇ। ਜੇ ਕਿਤੇ ਲੁਕੇ ਹੋਏ ਦਿਸ ਪੈਣ ਤਾਂ ਪਹਾੜੀਏ ਉੱਚੀ ਉੱਚੀ ਕੂਕ ਕੇ ਦੂਜਿਆਂ ਨੂੰ ਵੀ ਇਕੱਠਿਆਂ ਕਰ ਕੇ ਮਗਰ ਪੈ ਜਾਣ, ਤੇ ਜੇ ਆਪ ਉੱਚੇ ਥਾਂ ਹੋਣ ਤਾਂ ਉਤੋਂ ਸਿੰਘਾਂ ਉਤੇ ਵੱਟੇ ਪੱਥਰ ਚਲਾਉਣ। ਕਿਤੇ ਪਨਾਹ ਨਾ ਮਿਲੇ। ਕੋਈ ਰਾਜਾ ਵੀ ਉਹਨਾਂ ਨੂੰ ਧੀਰ ਨਾ ਦੇਵੇ। ਜਿਧਰ ਨੂੰ ਜਾਣ, ਅੱਗੇ ਨੇਜੇ ਤਲਵਾਰਾਂ ਪੱਥਰ ਹਥਾਂ ਵਿਚ ਫੜੀ ਪਰਬਤੀ ਰਾਹ ਰੋਕੀ ਖੜੇ ਹੋਣ। ਸਿੰਘਾਂ ਵੀ ਸਿਰੜ ਤੇ ਹੱਠ ਨੂੰ ਹੱਥੋਂ ਨਾ ਛੱਡਿਆ। ਆਖਰ ਉਹ ਭੇਸ ਬਦਲ ਕੇ ਮੰਡੀ ਤੇ ਕੁਲੂ ਨੂੰ ਚੜ੍ਹ ਗਏ। ਨੌਕਰੀਆਂ ਤੇ ਮਜ਼ਦੂਰੀ ਕਰ ਕੇ ਗੁਜ਼ਾਰਾ ਕਰਨ ਲੱਗੇ। ਇਥੇ ਨਕਟੀ ਨਾਮਕ ਰਾਣੀ ਪਾਸ ਸਿੰਘਾਂ ਨੂੰ ਸੁਖ ਦਾ ਸਮਾਂ ਕੱਟਣਾ ਨਸੀਬ ਹੋਇਆ। ਇਸ ਤਰ੍ਹਾਂ ਮਜ਼ਦੂਰੀਆਂ ਮੁਸ਼ੱਕਤਾਂ ਕਰ ਕੇ ਕਸ਼ਟ ਤੇ ਔਕੜਾਂ ਝਾਗਦੇ ਹੋਏ ਛੇ ਕੁ ਮਹੀਨਿਆਂ ਪਿਛੋਂ ਕੀਰਤਪੁਰ ਨੂੰ ਉਤਰ ਆਏ। ਇਥੇ ਰਹਿ ਕੇ ਸੂਹਾਂ ਕੱਢ ਕੱਢ ਮਾਲਵੇ ਨੂੰ ਤੁਰ ਗਏ ਤੇ ਆਪੋ ਆਪਣੇ ਜਥਿਆਂ ਵਿਚ ਜਾ ਮਿਲੇ।

ਜਿਹੜੇ ਸਿੰਘ ਬਸੋਹਲੀ ਦੇ ਪਹਾੜੀਆਂ ਦੇ ਫੰਧੇ ਵਿਚ ਫਸ ਗਏ ਸਨ, ਉਹਨਾਂ ਨੇ ਸਰਕਾਰ ਦੀ ਪ੍ਰਸੰਸਾ ਤੇ ਇਨਾਮ ਹਾਸਲ ਕਰਨ ਲਈ ਲਖਪਤ ਦੀ ਫੌਜ ਦੇ ਹਵਾਲੇ ਕਰ ਦਿਤਾ। ਇਹ ਬੰਦੀ ਬਣਾ ਕੇ ਲਾਹੌਰ ਨੂੰ ਤੋਰੇ ਗਏ। ਮੁਹਿੰਮ ਤੋਂ ਵਾਪਸ ਲਾਹੌਰ ਆ ਕੇ ਲਖਪਤ ਨੇ ਇਹ ਸਾਰੇ ਫੜ ਕੇ ਲਿਆਂਦੇ ਸਿੰਘ ਨਖਾਸ ਮੰਡੀ ਵਾਲੀ ਥਾਂ ਜਿਸ ਬੇਦਰਦੀ ਨਾਲ ਕਤਲ ਕਰਵਾ ਦਿਤੇ ਉਸ ਦਾ ਜ਼ਿਕਰ ਪਿਛੇ ਆ ਚੁਕਾ ਹੈ। (ਚਲਦਾ)

---

## ਵਿਸਾਖੀ ਦਾ ਉਹੋ ਜਲਵਾ

[ਸ: ਉਜਾਗਰ ਸਿੰਘ ਜੀ 'ਉਲਫਤ']

ਫਿਰ ਵਿਸਾਖੀ ਦਾ ਉਹੋ, ਜਲਵਾ ਵਿਖਾ ਦੇ ਸਾਕੀਆ !
ਭਾਗ ਸੁੱਤੇ ਕੌਮ ਦੇ, ਮੁੜ ਕੇ ਜਗਾ ਦੇ ਸਾਕੀਆ !

ਬੇਬਸੀ ਵਿਚ ਦੇਸ਼ ਦੀ, ਤਕਦੀਰ ਕਰਵਟ ਲੈ ਰਹੀ,
ਜਾਮ ਦੇ ਕੇ ਅੰਮ੍ਰਿਤੀ, ਮਹਿਫ਼ਲ ਖਿੜਾ ਦੇ ਸਾਕੀਆ !

ਪੀ ਕੇ ਜਿਸ ਨੂੰ ਬੰਦਿਆਂ ਲਈ, ਪ੍ਰੀਤ ਦੀ ਜੋਤੀ ਜਗੇ,
ਜੋ ਕਨ੍ਹਈਆ ਪੀ ਗਿਆ, ਓਹੋ ਪਿਲਾ ਦੇ ਸਾਕੀਆ !

ਮੇਰੇ ਦਿਲ ਦੇ ਦਰਦ ਦਾ, ਦਾਰੂ ਹੈ ਤੇਰਾ ਜਾਮ ਹੀ,
ਹੈ ਸ਼ਫ਼ਾ ਮੇਰੀ ਇਹੋ, ਤੂੰ ਇਹ ਦਵਾ ਦੇ ਸਾਕੀਆ !

ਪੀ ਜਿਨੂੰ ਸ਼ਾਹਬਾਜ਼ ਵੀ, ਚਰਖੀ ਦੇ ਚੱਕਰ ਖਾ ਗਿਆ,
ਉਹ ਪਿਲਾ ਮੈਨੂੰ ਵੀ ਉਹ, ਚੱਕਰ ਚਲਾ ਦੇ ਸਾਕੀਆ !

ਖੋਪਰੀ ਦੇ ਤਾਲ ਵਿਚ, ਜਿਨੂੰ ਪੀ ਤਾਰੂ ਤਰ ਗਿਆ,
ਓਸ ਵਿਚ ਮੈਨੂੰ ਵੀ ਅੱਜ, ਤਾਰੀ ਲਵਾ ਦੇ ਸਾਕੀਆ !

ਕੁੱਦਿਆ ਸੀ ਜੰਗ ਵਿਚ ਜੋ, ਜਾਮ ਪੀ ਪੀ ਕੇ ਅਜੀਤ,
ਉਸ ਦਾ ਕਤਰਾ ਕੋਈ, ਮੇਰੇ ਮੂੰਹ ਪਾ ਦੇ ਸਾਕੀਆ !

ਚਾੜ੍ਹ ਦੇ ਮਸਤੀ ਓਹੋ, ਜੋਝਾਰ ਨੂੰ ਚਾੜ੍ਹੀ ਸੀ ਜੋ,
ਕੌਮ ਖ਼ਾਤਰ ਵੇਖ ਲਾਂ ਮੈਂ, ਸਿਰ ਕਟਾ ਕੇ ਸਾਕੀਆ !

ਤੂੰ ਜਦੋਂ ਕਰਦਾਂ ਹੈਂ ਰਹਿਮਤ, ਬਦਲ ਦੇਂਦਾ ਹੈਂ ਸ਼ਊਰ,
ਮੈਂ ਦਿਲੋਂ ਕੁਰਬਾਨ ਹਾਂ, ਤੇਰੀ ਅਦਾ ਦੇ ਸਾਕੀਆ !

ਗਿਦੜਾਂ ਤੋਂ ਸ਼ੇਰ ਤੇ, ਬੰਦਿਓਂ ਫ਼ਰਿਸ਼ਤੇ ਕਰ ਦਏਂ,
ਆਫ਼ਰੀਂ ਸਦ ਆਫ਼ਰੀਂ, ਤੇਰੀ ਦੁਆ ਦੇ ਸਾਕੀਆ !

ਪੀ ਪੀ ਮੁਰਦੇ ਜੀ ਪਏ, ਆਬਿ ਹਯਾਤੀ ਜਾਮ ਇਹ,
ਅਸ਼ਕੇ ਤੇਰੇ ਇਸ਼ਕ ਦੀ, ਇਸ ਇਨਤਹਾ ਦੇ ਸਾਕੀਆ !

ਪੀ ਕੇ ਆਸ਼ਕ ਜਾਮ ਇਹ, ਮੂੰਹ ਮੌਤ ਦਾ ਹੱਸ ਚੁੰਮ ਲਏ,
ਇਹ ਨੇ ਤੇਰੇ ਜੋਸ਼ ਜਾਮਿ, ਬੇਪਨਾਹ ਦੇ ਸਾਕੀਆ !

ਨਾਮ ਹੈ 'ਉਲਫ਼ਤ' ਮੇਰਾ, ਉਲਫ਼ਤ ਦੇ ਸਦਕੇ ਹੀ ਪਿਲਾ,
ਮਾਫ਼ ਕਰ ਦਫ਼ਤਰ ਮੇਰੇ, ਕੀਤੇ ਗੁਨਾਹ ਦੇ ਸਾਕੀਆ !

['ਉਲਫ਼ਤ ਗ਼ਜ਼ਲਾਂ' ਚੋਂ

ਸ਼ਫ਼ਾ = ਅਰੋਗਤਾ। ਸ਼ਊਰ = ਸਲੀਕਾ, ਸਮਝਦਾਰੀ। ਆਫ਼ਰੀਂ = ਸ਼ਾਬਾਸ਼। ਉਲਫ਼ਤ = ਮੁਹੱਬਤ, ਪਿਆਰ।



www.AKJ.Org

# ਹਰ ਕੀ ਪੌੜੀ ਤੋਂ ਹਰਿਮੰਦਰ ਸਾਹਿਬ ਤਕ

[ ਸ: ਮਨਜੀਤ ਸਿੰਘ ਜੀ, ਅੰਮ੍ਰਿਤਸਰ ]

ਵਿਸ਼ਵ ਹਿੰਦੂ ਪ੍ਰਿਸ਼ਦ ਦੀ ਅਗਵਾਈ ਹੇਠ ਬੀਤੀ ੨੮ ਫਰਵਰੀ ਨੂੰ ਹਰਿਦੁਆਰ ਹਰ ਕੀ ਪੌੜੀ ਤੋਂ ਅੰਮ੍ਰਿਤ ਕੁੰਡ ਹਰਿਮੰਦਰ ਸਾਹਿਬ ਤੱਕ ਹਿੰਸਾ ਦਾ ਦੌਰ ਖ਼ਤਮ ਕਰਨ ਅਤੇ ਅਮਨ ਦੀ ਬਹਾਲੀ ਲਈ ਰਾਸ਼ਟਰੀ ਸਦਭਾਵਨਾ ਯਾਤਰਾ ਆਰੰਭੀ ਗਈ ਸੀ, ਜੋ ੯ ਮਾਰਚ ਨੂੰ ਇਥੇ ਸਮਾਪਤ ਹੋਈ। ਇਸ ਯਾਤਰਾ ਵਿਚ ਹਿੰਦੂ ਧਰਮ ਦੇ ਕੋਈ ੬੨੫ ਧਾਰਮਿਕ ਮੁਖੀਆਂ, ਸੰਤਾਂ ਮਹਾਤਮਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿਚ ਇਕ ਨਿਹੰਗ ਸਿੰਘਾਂ ਦੀ ਜਥੇਬੰਦੀ ਵੀ ਸ਼ਾਮਲ ਸੀ। ਇਸ ਯਾਤਰਾ ਦੀ ਸਮਾਪਤੀ ਤੋਂ ਪਹਿਲਾਂ ਹਿੰਦੂ ਧਰਮ ਦੇ ਕੁਝ ਧਾਰਮਿਕ ਮੁੱਖੀਆਂ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਨਾਲ ਡੂੰਘੀ ਵਿਚਾਰ ਕੀਤੀ, ਜਿਸ ਦਾ ਮੁੱਖ ਆਸ਼ਾ ਪੰਜਾਬ ਦੇ ਬਦਅਮਨੀ ਦੇ ਮਾਹੌਲ ਦੀ ਜੜ੍ਹ ਤੱਕ ਪਹੁੰਚਣਾ ਸੀ। ਇਸ ਉਪਰੰਤ ਹਿੰਸਾ ਦਾ ਦੌਰ ਖ਼ਤਮ ਕਰਨ ਅਤੇ ਦੋਹਾਂ ਫਿਰਕਿਆਂ ਵਿਚ ਵਿਸ਼ਵਾਸ ਦੀ ਬਹਾਲੀ ਲਈ ਸਾਂਝੇ ਉੱਦਮ ਕਰਨਾ ਸੀ। ਦੋਹਾਂ ਫ਼ਿਰਕਿਆਂ ਦੇ ਧਾਰਮਿਕ ਆਗੂਆਂ ਦੀ ਇਸ ਸੰਬੰਧੀ ਵਾਰਤਾ ਕਿਵੇਂ ਸ਼ੁਰੂ ਹੋਈ, ਇਸ ਵਿਚ ਕੀ ਕੀ ਵਿਚਾਰਾਂ ਹੋਈਆਂ, ਇਸ ਨੂੰ ਬਾਕਾਇਦਾ ਟੇਪ ਕੀਤਾ ਗਿਆ ਸੀ, ਜੋ ਅਸੀਂ ਹੂਬਹੂ ਪਾਠਕਾਂ ਦੀ ਜਾਣਕਾਰੀ ਲਈ ਪੇਸ਼ ਕਰ ਰਹੇ ਹਾਂ। ਲਗ ਪਗ ਇਕ ਘੰਟੇ ਦੀ ਇਹ ਗੱਲਬਾਤ ਹਿੰਦੀ ਬੋਲੀ ਵਿਚ ਹੋਈ। ਇਸ ਦਾ ਪੰਜਾਬੀ ਉਲਥਾ ਵੀ ਉਸੇ ਤਰ੍ਹਾਂ ਹੀ ਕੀਤਾ ਗਿਆ ਹੈ ਜਿਸ ਤਰ੍ਹਾਂ ਵਾਰਤਾ ਹੋਈ ਹੈ, ਤਾਂ ਕਿ ਅਨੁਵਾਦ ਵਿਚ ਸ਼ਬਦ-ਭੇਦ ਜਾਂ ਭਾਵ-ਅਰਥ ਨਾ ਬਦਲੇ। ਇਸ ਵਾਰਤਾ ਵਿਚ ਹਿੰਦੂ ਧਰਮ ਦੀਆਂ ੧੫ ਧਾਰਮਿਕ ਹਸਤੀਆਂ ਨੇ ਹਿੱਸਾ ਲਿਆ। ਸਵਾਮੀ ਵਾਮਦੇਵ ਨੇ ਇਸ ਵਾਰਤਾ ਦੀ ਅਗਵਾਈ ਕੀਤੀ, ਜੋ ਕਿ ਇਸ ਸਦਭਾਵਨਾ ਯਾਤਰਾ ਦੇ ਮੁਖੀ ਵੀ ਸਨ। ਇਸ ਤੋਂ ਇਲਾਵਾ ਮੁੱਖ ਤੌਰ ਤੇ ਸਵਾਲ ਕਰਨ ਵਾਲੇ ਦੂਜੇ ਮਹਾਤਮਾ ਸਵਾਮੀ ਮਿੱਤਰਾਨੰਦ (ਇਸ ਯਾਤਰਾ ਦੇ ਸੰਯੋਜਕ) ਸਨ, (ਉੜਤੀ) ਕਰਨਾਟਕਾ ਦੇ ਮਠਾਧੀਸ਼ ਜਗਤ ਗੁਰੂ ਸਾਧਵਾਚਾਰੀਆ ਵੀ ਗੱਲਬਾਤ ਵਿਚ ਮੁੱਖ ਤੌਰ ਤੇ ਸ਼ਾਮਲ ਸਨ। ਬਾਕੀ ਵਾਰਤਾਕਾਰਾਂ ਦੇ ਨਾਮ ਵੀ ਸਵਾਲਾਂ ਵੇਲੇ ਉਸੇ ਤਰ੍ਹਾਂ ਹੀ ਦਿੱਤੇ ਗਏ ਹਨ, ਇਸ ਕਰਕੇ ਸਾਰੀ ਵਾਰਤਾ ਵਿਚ ਸਭ ਨਾਮ ਵੱਖਰੇ ਵੱਖਰੇ ਲਿਖੇ ਗਏ ਹਨ। ਦੂਸਰੇ ਪਾਸਿਓਂ ਸਾਰੀਆਂ ਗੱਲਾਂ ਦੇ ਜਵਾਬ ਸਿਰਫ਼ ਅਕਾਲ ਤਖਤ ਦੇ ਜਥੇਦਾਰ ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਵਲੋਂ ਦਿੱਤੇ ਗਏ।

ਵਾਰਤਾ ਦਾ ਆਰੰਭ ਸਵਾਮੀ ਵਾਮਦੇਵ ਤੋਂ ਸ਼ੁਰੂ ਹੁੰਦਾ ਹੈ, ਜਿਨ੍ਹਾਂ ਨੇ ਗੱਲ ਕਰਨ ਤੋਂ ਪਹਿਲਾਂ ਸਾਰੇ ਸਵਾਮੀਆਂ ਮਹਾਤਮਾਂ ਤੋਂ ਉਹਨਾਂ ਸਾਰਿਆਂ ਵਲੋਂ ਗੱਲ ਕਰਨ ਦੀ ਇਜਾਜ਼ਤ ਅਤੇ ਅਧਿਕਾਰ ਲਏ।

**ਸਵਾਮੀ ਵਾਮਦੇਵ** :–ਸਾਡੀ ਸਾਰੇ ਸਿੰਘ ਸਾਹਿਬਾਨ ਅੱਗੇ ਬੇਨਤੀ ਹੈ ਕਿ ਇਸ ਵੇਲੇ ਭਾਰਤ ਦੇਸ਼ ਵਿਚ ਰਾਜਨੀਤੀ ਨੇ ਪੂਰੇ ਸਮਾਜ ਵਿਚ ਭੇਦ ਪਾ ਦਿੱਤਾ ਹੈ। ਇਸ ਭੇਦ ਦੇ ਨਾਲ ਹੀ ਨਾਲ ਦੇਸ਼ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਧਰਮ ਨੂੰ ਇਸ ਦਿਸ਼ਾ ਵੱਲ ਲਿਆਉਣਾ ਚਾਹੁੰਦੀਆਂ ਹਨ ਕਿ ਜਾਂ ਤਾਂ ਅਸੀਂ ਧਰਮੀ ਬੰਦੇ ਉਨ੍ਹਾਂ ਦੀ ਹੀ ਬੋਲੀ ਬੋਲੀਏ ਜਾਂ ਫਿਰ ਧਰਮ ਦੀ ਗੱਲ ਹੀ ਨਾ ਕਰੀਏ। ਇਸ ਲਈ ਹੁਣ ਇਹ ਜ਼ਰੂਰੀ ਹੋ ਗਿਆ ਹੈ ਜਿਸ ਲਈ ਕਿ ਅਸੀਂ ਸਾਰੇ ਧਰਮ-ਮੁਖੀ, ਰਲ ਕੇ ਇਹ ਬੇਨਤੀ ਕਰਨ ਆਏ ਹਾਂ ਕਿ ਆਪ ਜੀ ਦੀ ਕੌਮ ਦਾ ਇਸ ਦੇਸ਼ ਦੀ ਰਖਿਆ ਲਈ ਅਤੇ ਧਰਮ-ਰਖਿਆ ਲਈ ਸਦਾ ਹੀ ਸਭ ਤੋਂ ਵੱਧ ਮਿਲਵਰਤਣ ਪ੍ਰਾਪਤ ਹੁੰਦਾ ਰਿਹਾ ਹੈ। ਅੱਜ ਵੀ ਅਸੀਂ ਦੇਸ਼ ਵਿਚ ਧਰਮ ਦੀ ਰਖਿਆ ਲਈ ਆਪ ਦਾ ਮਿਲਵਰਤਣ ਚਾਹੁੰਦੇ ਹਾਂ, ਜਿਸ ਨਾਲ ਧਰਮ ਅਤੇ ਰਾਜਨੀਤੀ ਸਮਾਨਤਰ ਰੂਪ ਵਿਚ ਚੱਲੇ। ਧਰਮ ਦਾ ਮਿਲਵਰਤਣ ਪ੍ਰਾਪਤ ਕਰਕੇ ਰਾਜਨੀਤੀ ਸ਼ੁਧ ਹੋਏ, ਜੋ ਕਿ ਸਾਡੀ ਸੋਚ ਮੁਤਾਬਕ ਹੁਣ ਅਸ਼ੁੱਧ ਹੋ ਗਈ ਹੈ। ਧਰਮ ਵੀ ਲੋੜੀਂਦੀ ਰੱਖਿਆ ਰਾਜਨੀਤੀ ਤੋਂ ਪ੍ਰਾਪਤ ਕਰੇ, ਕਿਉਂਕਿ ਅਸੀਂ ਗੁਰੂ ਗ੍ਰੰਥ ਸਾਹਿਬ ਜਾਂ ਸੰਸਕ੍ਰਿਤ ਧਰਮ ਗ੍ਰੰਥਾਂ ਨੂੰ ਵਾਚੀਏ ਤਾਂ ਇਹ ਗੱਲ ਸਾਬਤ ਹੁੰਦੀ ਹੈ ਕਿ ਯਕੀਨਨ ਜੇ 'ਧਰਮ ਦੀ ਰਖਿਆ ਹੋਵੇਗੀ ਤਾਂ ਹੀ ਸਮਾਜ ਦੀ ਰੱਖਿਆ ਹੋਵੇਗੀ।' ਜੇ ਰਾਜਨੀਤੀ ਨੇ ਧਰਮ ਨੂੰ ਤੋੜ ਦਿੱਤਾ ਜਾਂ ਤਬਾਹ ਕਰ ਦਿੱਤਾ ਤਾਂ ਸਮਾਜ ਦੀ ਰੱਖਿਆ ਵੀ ਨਹੀਂ ਹੋ ਸਕਦੀ ਤੇ ਸਮਾਜ ਤਬਾਹ ਹੋ ਕੇ ਰਹੇਗਾ। ਸਾਡਾ ਵਿਚਾਰ ਹੈ ਕਿ ਇਸ ਦੇਸ਼ ਵਿਚ ਗੁਰੂਆਂ ਦਾ ਸਭਿਆਚਾਰ, ਸਨਾਤਨ ਧਰਮ ਦਾ ਸਭਿਆਚਾਰ, ਆਰੀਆ, ਬੁੱਧ, ਜੈਨੀਆਂ ਦਾ ਸਭਿਆਚਾਰ ਤਬਾਹ ਹੋ ਜਾਵੇਗਾ ਜਿਸ ਤਰ੍ਹਾਂ ਕਿ ਅੱਜ ਕਲ੍ਹ ਰਾਜਨੀਤੀ ਹੁਣ ਆਪਣਾ ਪ੍ਰਭਾਵ ਪਾਉਂਦੀ ਆ ਰਹੀ ਦਿਸਦੀ ਹੈ। ਰਾਜਨੀਤੀ ਨੇ ਦੋ ਕੰਮ ਕੀਤੇ ਹਨ: ਇਕ 'ਰਾਗ' ਫੈਲਾਇਆ ਹੈ, ਇਕ 'ਦ੍ਵੇਸ਼' ਫੈਲਾਇਆ ਹੈ।



www.AKJ.Org

ਰਾਗ ਦੇ ਕਾਰਨ ਉਸ ਨੇ ਸਾਨੂੰ ਸੁਆਰਥਾਂ ਵਿਚ ਬੰਨ੍ਹਿਆ ਹੈ । ਇਸ ਲਈ ਸਾਡੇ ਕਈ ਧਰਮਾਚਾਰੀਆ ਵੀ ਛੋਟੇ ਛੋਟੇ ਸੁਆਰਥਾਂ ਵਿਚ ਫਸ ਕੇ ਉਨ੍ਹਾਂ ਰਾਜਨੀਤਕਾਂ ਦੀ ਬੋਲੀ ਬੋਲਦੇ ਹਨ । ਦੂਜੇ ਪਾਸੇ ਰਾਜਨੀਤਕਾਂ ਵੱਲੋਂ ਲਾਏ ਦ੍ਵੇਸ਼ ਕਾਰਨ ਅਸੀਂ ਆਪਸ ਵਿਚ ਜਾਤੀ ਭੇਦ ਪੈਦਾ ਕਰਕੇ ਲੜ ਰਹੇ ਹਾਂ । ਰਾਜਨੀਤਕ ਲੋਕਾਂ ਦੀ ਇਹ ਇਕ ਚਾਲ ਹੈ ਕਿ ਅਸੀਂ ਲੜਦੇ ਰਹੀਏ ਤ ਹੀ ਉਨ੍ਹਾਂ ਦੀ ਕੁਰਸੀ ਬਚੀ ਰਹੇਗੀ । ਪਰ ਇਹ ਕੁਝ ਕਰਦਿਆਂ ਉਹ ਇਹ ਗੱਲ ਭੁੱਲ ਜਾਂਦੇ ਹਨ ਕਿ ਕੁਰਸੀ ਦੀ ਰੱਖਿਆ ਲਈ ਜੇ ਉਨ੍ਹਾਂ ਸਭਿਆਚਾਰਾਂ ਅਤੇ ਧਰਮ ਦਾ ਨਾਸ਼ ਕਰ ਦਿੱਤਾ ਤਾਂ ਕੂਕਰਾਂ ਅਤੇ ਸੂਕਰਾਂ (ਕੁੱਤਿਆਂ ਅਤੇ ਸੂਰਾਂ) ਦੀ ਤਰ੍ਹਾਂ ਆਪਣੇ ਸਵਾਰਥਾਂ ਲਈ ਇਹ ਕੁਰਸੀ ਵਾਲੇ ਲੋਕ ਸਦਾ ਹੀ ਲੜਨਗੇ । ਅਜਿਹੀ ਸੂਰਤ ਵਿਚ ਸਾਡੇ ਧਰਮ ਗ੍ਰੰਥਾਂ ਅਨੁਸਾਰ ਦੇਸ਼ ਵਿਚ ਧੱਕੇ ਅਤੇ ਬੇਇਨਸਾਫੀਆਂ ਫੈਲਣ ਲੱਗ ਪੈਣਗੀਆਂ । ਦੇਸ਼ ਵਿਚ ਤਿਲ ਤਮਿੰਗਲ ਨਿਆਏ ਹੋ ਜਾਏਗਾ, 'ਜਿਸ ਦੀ ਲਾਠੀ ਉਸੇ ਦੀ ਭੈਂਸ' ਵਾਲੀ ਗੱਲ ਹੋ ਜਾਵੇਗੀ । ਨਾ ਕਿਸੇ ਦਾ ਆਪਣੀ ਸੰਪਤੀ 'ਤੇ ਅਧਿਕਾਰ ਰਹਿ ਜਾਵੇਗਾ, ਨਾ ਕਿਸੇ ਦੀ ਇੱਜ਼ਤ ਬਚ ਸਕੇਗੀ । ਹਰ ਬਲਵਾਨ ਵਿਅਕਤੀ ਆਪਣੇ ਤੋਂ ਕਮਜ਼ੋਰਾਂ ਦੀ ਸੰਪਤੀ ਅਤੇ ਇਸਤ੍ਰੀ ਭੋਗਣਾ ਆਪਣਾ ਅਧਿਕਾਰ ਸਮਝ ਲਵੇਗਾ । ਇਸ ਅਤਿ ਮਾੜੇ ਹਾਲਾਤ ਤੋਂ ਦੇਸ਼ ਨੂੰ ਬਚਾਈ ਰੱਖਣ ਲਈ ਹੀ ਅਸੀਂ ਸਾਰੇ ਧਰਮਾਚਾਰੀਆ ਲੋਕ ਇਕੱਠੇ ਹੋ ਕੇ ਆਪ ਜੀ ਦੀ ਸ਼ਰਨ ਵਿਚ ਆਏ ਹਾਂ । ਤੁਸੀਂ ਕਿਸੇ ਤਰ੍ਹਾਂ ਦੇਸ਼ ਨੂੰ ਬਚਾਓ ਅਤੇ ਧਰਮ ਦੀ ਰੱਖਿਆ ਕਰੋ । ਨਹੀਂ ਤਾਂ ਇਹ ਰਾਜਨੀਤਕ ਲੋਕ ਕੁਝ ਵੀ ਬਾਕੀ ਨਹੀਂ ਰਹਿਣ ਦੇਣਗੇ ।

**ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ** :–ਜੋ ਕੁਝ ਤੁਸੀਂ ਆਖਿਆ ਹੈ, ਠੀਕ ਇਹੀ ਗੱਲ ਸਾਡੀ ਵੀ ਹੈ । ਪਰ ਸਮਝਣਾ ਹੈ ਕਿ ਹਰ ਕਦਮ ਕਦਮ ਕਰਕੇ ਅੱਗੇ ਵਧਣਾ ਹੈ । ਕੁਝ ਲੋਕ ਸਾਡਾ ਪਹਿਲਾ ਕਦਮ ਹੀ ਰੋਕਣਾ ਚਾਹੁੰਦੇ ਹਨ । ਇਸ ਲਈ ਸਾਨੂੰ ਪਹਿਲਾ ਕਦਮ ਹੀ ਇਹ ਚੁੱਕਣਾ ਪਵੇਗਾ ਕਿ ਅਸੀਂ ਸਭ ਲੋਕ ਮਿਲ ਕੇ ਇਹ ਆਵਾਜ਼ ਦੇਈਏ, ਜਿਸ ਤਰ੍ਹਾਂ ਕਿ ਤੁਸਾਂ ਆਪ ਹੀ ਆਖਿਆ ਹੈ ਕਿ ਸੰਸਾਰ ਨੂੰ ਬਚਾਉਣ ਲਈ "ਰਾਜਨੀਤੀ ਧਰਮ ਅਧੀਨ ਹੋਣੀ ਚਾਹੀਦੀ ਹੈ, ਨਹੀਂ ਤਾਂ 'ਵਿਨਾਸ਼' ਹੋ ਜਾਵੇਗਾ ।" ਤੁਹਾਡੀ ਸ਼ਬਦਾਵਲੀ ਤੋਂ ਵੀ ਇਹ ਪ੍ਰਗਟ ਹੋਇਆ ਹੈ ਅਤੇ ਸਾਡੀ ਵੀ ਇਹੀ ਸੋਚ ਹੈ ।

**ਸਵਾਮੀ ਮਿੱਤਰਾ ਨੰਦ** :–"ਧਰਮਨੀਤੀ ਅਤੇ ਰਾਜਨੀਤੀ ਆਪਣੇ ਆਪਣੇ ਖੇਤਰ ਵਿਚ ਕੰਮ ਕਰਨ ।

**ਪ੍ਰੋ: ਦਰਸ਼ਨ ਸਿੰਘ** :–"ਸਵਾਮੀ ਜੀ ਦਾ ਮਤਲਬ ਬਿਲਕੁਲ ਵੀ ਇਹ ਨਹੀਂ ਹੈ ਜੋ ਤੁਸੀਂ ਆਖਿਆ ਹੈ ।"

ਮਿੱਤਰਾ ਨੰਦ ਨੇ ਸਵਾਮੀ ਵਾਮਦੇਵ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਤੁਸੀਂ ਫਿਰ ਦੱਸੋ ਕਿ ਤੁਹਾਡੀ ਗੱਲ ਦਾ ਕਾ ਭਾਵ ਹੈ ?

**ਸਵਾਮੀ ਵਾਮਦੇਵ** :–ਮੇਰੇ ਕਹਿਣ ਤੋਂ ਭਾਵ ਇਹ ਸੀ ਕਿ 'ਰਾਜਨੀਤੀ ਧਰਮ ਤੇ ਹਾਵੀ ਨਾ ਹੋਵੇ । ਉਸ ਤੋਂ ਰੱਖਿਆ ਤਾਂ ਅਸੀਂ ਧਰਮ ਦੀ ਚਾਹੁੰਦੇ ਹਾਂ, ਪਰ ਉਸ ਨੂੰ ਹਾਵੀ ਧਰਮ 'ਤੇ ਨਹੀਂ ਹੋਣ ਦੇਣਾ ਚਾਹੁੰਦੇ ।'

**ਪ੍ਰੋ: ਦਰਸ਼ਨ** ਸਿੰਘ–ਬਿਲਕੁਲ ਠੀਕ । ਇਹ ਵੀ ਤੁਸਾਂ ਹੀ ਆਖਿਆ ਹੈ ਅਤੇ ਤੁਹਾਡੀ ਹੀ ਸ਼ਬਦਾਵਲੀ ਹੈ ਕਿ ਜੇ ਧਰਮ ਨਸ਼ਟ ਹੋ ਗਿਆ ਤਾਂ ਇਹ ਰਾਜਨੀਤਕ ਲੋਕ ਵੀ ਕੂਕਰਾਂ ਅਤੇ ਸੂਕਰਾਂ ਦੀ ਤਰ੍ਹਾਂ ਲੜ ਲੜ ਕੇ ਮਰ ਜਾਣਗੇ । (ਸਾਰਿਆਂ ਸੁਆਮੀਆਂ ਨੇ ਇਕ ਆਵਾਜ਼ ਵਿਚ ਆਖਿਆ, ਇਹ ਬਿਲਕੁਲ ਠੀਕ ਹੈ) ।

**ਪ੍ਰੋ: ਦਰਸ਼ਨ ਸਿੰਘ**–ਤੇ ਇਸੇ ਹੀ ਬਚਾਓ ਲਈ ਮੈਂ ਆਮ ਤੌਰ ਤੇ ਸਟੇਜਾਂ 'ਤੇ ਵੀ ਕਹਿੰਦਾ ਹਾਂ ਕਿ ਜਿਸ ਥਾਂ ਤੇ ਬਹੁਤ ਚੰਗਾ ਰਾਜ ਹੁੰਦਾ ਹੈ ਉਸ ਨੂੰ ਅਜੇ ਵੀ ਸਾਡੇ ਦੇਸ਼ ਵਿਚ ਰਾਮ-ਰਾਜ ਦਾ ਨਾਮ ਦਿੱਤਾ ਜਾਂਦਾ ਹੈ । ਰਾਮ ਕੀ ਸਨ ? ਧਰਮੀ ਵੀ ਸਨ ਅਤੇ ( ਰਾਜਾ) ਰਾਜਨੀਤਕ ਵੀ ਸਨ । ਜੇ ਤੁਹਾਡੇ ਕਹਿਣ ਮੁਤਾਬਕ ਧਰਮ ਅਤੇ ਰਾਜਨੀਤੀ ਨੂੰ ਵੱਖ ਕਰ ਦਿੱਤਾ ਜਾਵੇ ਤਾਂ ਕੀ ਤੁਸੀਂ ਰਾਮ ਦੇ ਦੋ ਹਿੱਸੇ ਕਰ ਦਿਓਗੇ ? ਐਸਾ ਤਾਂ ਹੋ ਨਹੀਂ ਸਕਦਾ ।

(ਬਿਲਕੁਲ ਠੀਕ ਹੈ, ਸਾਰੇ ਸਵਾਮੀਆਂ ਨੇ ਫਿਰ ਇਕ ਆਵਾਜ਼ ਵਿਚ ਆਖਿਆ) ।

**ਪ੍ਰੋ: ਦਰਸ਼ਨ ਸਿੰਘ**–ਰਾਮ ਧਰਮੀ ਵੀ ਸਨ ਅਤੇ ਰਾਜਨੀਤਕ ਵੀ ਸਨ । ਇਹੀ ਕਾਰਨ ਸੀ ਕਿ ਉਹਨਾਂ ਦੇ ਰਾਜ ਵਿਚ ਪਰਜਾ ਸੁਖੀ ਸੀ । ਧਰਮੀ ਵਿਅਕਤੀ ਕਦੀ ਵੀ ਕਿਸੇ ਨਾਲ ਬੇਇਨਸਾਫ਼ੀ ਨਹੀਂ ਕਰ ਸਕਦਾ । ਰਾਮ-



www.AKJ.Org

ਰਾਜ ਦੀ ਮਿਸਾਲ ਤੋਂ ਇਹ ਸਾਬਤ ਹੁੰਦਾ ਹੈ। (ਸਵਾਮੀ ਵਾਮਦੇਵ ਨੇ ਸਾਰਿਆਂ ਤੋਂ ਪੁੱਛਿਆ ਕਿ ਪ੍ਰੋਫੈਸਰ ਸਾਹਿਬ ਨੇ ਜੋ ਕੁਝ ਆਖਿਆ ਹੈ, ਕੀ ਤੁਸੀਂ ਸਾਰੇ ਇਸ ਬਾਰੇ ਇਕ-ਮੱਤ ਅਤੇ ਸਹਿਮਤ ਹੋ ? ਸਾਰਿਆਂ ਨੇ ਇਕ ਆਵਾਜ਼ ਵਿਚ 'ਹਾਂ' ਕਹੀ (ਪਰ ਨਾਲ ਹੀ ਇਕ ਸਵਾਮੀ ਮਿੱਤਰਾਨੰਦ ਨੇ ਫਿਰ ਆਖਿਆ ਕਿ ਧਰਮ ਦੀ ਵਿਆਪਕ ਵਿਆਖਿਆ ਹੋਣੀ ਚਾਹੀਦੀ ਹੈ, ਜੋ ਕਦੀ ਫਿਰ ਮਿਲ ਬੈਠ ਕੇ ਵਿਚਾਰ ਕਰਾਂਗੇ)।

**ਪ੍ਰੋ: ਦਰਸ਼ਨ ਸਿੰਘ**–ਪਹਿਲੀ ਗੱਲ ਤਾਂ ਤੁਸੀਂ ਸਾਰੇ ਮੰਨ ਹੀ ਗਏ ਹੋ ਨਾ ਕਿ ਧਰਮ ਦੀ ਸਖਤ ਜ਼ਰੂਰਤ ਹੈ ਰਾਜਨੀਤੀ ਨੂੰ। ਨਹੀਂ ਤਾਂ ਰਾਜਨੀਤੀ ਕੁੱਤਿਆਂ ਅਤੇ ਸੂਰਾਂ ਦੇ ਆਚਰਣ ਵਾਲੀ ਹੋ ਜਾਵੇਗੀ।

(ਬਿਲਕੁਲ ਠੀਕ, ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ। ਸਾਰੇ ਸੁਆਮੀਆਂ ਨੇ ਫਿਰ ਇਕ ਵਾਰ ਆਖਿਆ)।

**ਸਵਾਮੀ ਵਾਮਦੇਵ**–ਰਾਜਨੀਤੀ ਅਧਾਰਮਿਕ ਨਹੀਂ ਹੋਣੀ ਚਾਹੀਦੀ।

(ਸਾਰੇ ਬੋਲੇ, ਬਿਲਕੁਲ ਠੀਕ, ਵਾਹ ! ਵਾਹ ! ਵਾਹ ! ਇਸ ਮੱਤ ਬਾਰੇ ਅਸੀਂ ਸਾਰੇ ਹੀ ਸਹਿਮਤ ਹਾਂ, ਇਸ ਬਾਰੇ ਕਿਸੇ ਵਿਚ ਵੀ ਕੋਈ ਮੱਤਭੇਦ ਨਹੀਂ)।

**ਪ੍ਰੋ: ਦਰਸ਼ਨ ਸਿੰਘ**–ਧਰਮ ਦੀ ਬੜੀ ਜ਼ਰੂਰਤ ਹੈ, ਇਨਸਾਫ਼ ਲਈ। ਰਾਜਨੀਤੀ ਅਦਾਲਤਾਂ ਤਾਂ ਬਣਾ ਸਕਦੀ ਹੈ, ਉਹਨਾਂ ਦੀਆਂ ਇਮਾਰਤਾਂ, ਸੰਵਿਧਾਨ ਅਤੇ ਕਾਨੂੰਨ ਦੀਆਂ ਕਿਤਾਬਾਂ ਵੀ ਬਣਾ ਸਕਦੀ ਹੈ, ਉਥੇ ਜੱਜ ਵੀ ਬਿਠਾ ਸਕਦੀ ਹੈ, ਪਰ ਇਨਸਾਫ ਤਾਂ ਧਰਮ ਹੀ ਕਰੇਗਾ। ਨਹੀਂ ਤਾਂ ਉਸ ਅਦਾਲਤ ਵਿਚ ਬੈਠਾ ਹੋਇਆ ਜੱਜ ਵੀ ਬੇਇਨਸਾਫ਼ੀ ਕਰ ਬੈਠੇਗਾ, ਜੇ ਉਸ ਦੇ ਹਿਰਦੇ ਵਿਚ ਧਰਮ ਨਹੀਂ ਹੋਵੇਗਾ। ਇਸ ਲਈ ਧਰਮ ਦੀ ਹਰ ਥਾਂ ਜ਼ਰੂਰਤ ਹੈ। ਇਹੀ ਕਾਰਨ ਹੈ ਕਿ ਜਦੋਂ ਵੀ ਅਸੀਂ ਅਦਾਲਤ ਵਿਚ ਜਾਂਦੇ ਹਾਂ ਤਾਂ ਸਾਨੂੰ ਸਾਰਿਆਂ ਨੂੰ ਆਪਣੇ ਧਰਮ ਗ੍ਰੰਥਾਂ ਦੀ ਸਹੁੰ ਚੁੱਕਣੀ ਪੈਂਦੀ ਹੈ। ਧਰਮ ਵਿਸ਼ਵਾਸ ਅਤੇ ਸੱਚ ਦਾ ਨਾਮ ਹੈ।

**ਸਵਾਮੀ ਮਿੱਤਰਾਨੰਦ**–ਧਾਰਮਿਕ ਸਿਧਾਂਤਾਂ ਰਾਹੀਂ ਰਾਜਨੀਤੀ ਦਾ ਸ਼ੁੱਧੀਕਰਨ ਹਮੇਸ਼ਾ ਹੀ ਹੁੰਦਾ ਰਹੇ, ਐਸੀਆਂ ਕੋਸ਼ਿਸ਼ਾਂ ਧਾਰਮਕ ਮੁਖੀਆਂ ਵਲੋਂ ਹੁੰਦੀਆਂ ਰਹਿਣੀਆਂ ਚਾਹੀਦੀਆਂ ਹਨ। ਰਾਜਨੀਤਕ ਉਦੇਸ਼ਾਂ ਲਈ ਧਰਮ ਦੀ ਵਰਤੋਂ ਨਾ ਹੋਵੇ, ਪਰ ਰਾਜਨੀਤੀ ਨੂੰ ਸਾਫ਼-ਸੁਥੱਰਾ ਰੱਖਣ ਅਤੇ ਇਨਸਾਫ਼-ਪਸੰਦ ਹੋਣ ਲਈ ਧਰਮ ਦੀ ਵਰਤੋਂ ਲਾਜ਼ਮੀ ਤੌਰ ਤੇ ਹੋਣੀ ਚਾਹੀਦੀ ਹੈ।

**ਪ੍ਰੋ: ਦਰਸ਼ਨ ਸਿੰਘ**–ਬਿਲਕੁਲ ਤੁਸਾਂ ਠੀਕ ਆਖਿਆ ਹੈ। ਪਰ ਅੱਜ ਕਲ੍ਹ ਇਸ ਦੇ ਉਲਟ ਹੀ ਸਭ ਕੁਝ ਹੋ ਰਿਹਾ ਹੈ। ਅਫ਼ਸੋਸ ਇਸੇ ਗੱਲ ਦਾ ਹੈ।

**ਮਹੰਤ ਰਾਮ ਪ੍ਰਕਾਸ਼ (ਸਾਬਕ ਮੰਤਰੀ ਪੰਜਾਬ)**–ਪ੍ਰੋਫੈਸਰ ਸਾਹਿਬ, ਦੇਸ਼ ਵਿਚ ਥਾਂ ਥਾਂ ਤੇ ਧਰਮ ਦੇ ਨਾਂ ਤੇ ਹਿੰਸਾ ਹੋ ਰਹੀ ਹੈ। ਉਸ ਵਿਚ ਕੇਸਾਧਾਰੀ ਵੀ ਅਤੇ ਸਹਿਜਧਾਰੀ ਜਾਂ ਹਿੰਦੂ ਵੀ ਬਹੁਤ ਬੁਰੀ ਤਰ੍ਹਾਂ ਨਾਲ ਪ੍ਰਭਾਵਤ ਹੋਏ ਹਨ। ਦਿੱਲੀ ਵਿਚ ਦੰਗੇ ਹੋਏ, ਉਸ ਵਿਚ ਸਿੱਖ ਬੁਰੀ ਤਰ੍ਹਾਂ ਪ੍ਰਭਾਵਤ ਹੋਏ। ਹਜ਼ਾਰਾਂ ਦੀ ਗਿਣਤੀ ਵਿਚ ਮਾਰੇ ਵੀ ਗਏ। ਪੰਜਾਬ ਵਿਚ ਸਿੱਖ ਅਤੇ ਹਿੰਦੂ ਦੋਨੋਂ ਹੀ ਮਾਰੇ ਗਏ ਅਤੇ ਮਾਰੇ ਜਾ ਰਹੇ ਹਨ। ਧਰਮ ਦੇ ਨਾਂ ਤੇ ਹਿੰਸਾ ਨਹੀਂ ਹੋਣੀ ਚਾਹੀਦੀ। ਸਮਾਜ ਵਿਚ ਕੋਈ ਅਜਿਹੀ ਗੱਲ ਨਹੀਂ ਹੋਣੀ ਚਾਹੀਦੀ ਜਿਹੜੀ ਸਮਾਜ ਨੂੰ ਤੋੜੇ। ਸਮਾਜ ਨੂੰ ਜੋੜਨ ਵਾਲੀ ਜਿਹੜੀ ਗੱਲ ਹੋਵੇ ਉਸ ਦੀ ਹਮਾਇਤ, ਬਿਨਾਂ ਝਿਜਕ ਹਰ ਕਿਸੇ ਵਲੋਂ ਕੀਤੀ ਜਾਣੀ ਚਾਹੀਦੀ ਹੈ। ਇਸ ਲਈ ਤੁਹਾਡੇ ਵਲੋਂ ਵੀ ਅਤੇ ਧਰਮਾਚਾਰੀਆਂ ਵਲੋਂ ਵੀ, ਭਾਵ ਕਿ ਦੋਹਾਂ ਵਲੋਂ ਸਾਂਝੇ ਤੌਰ ਤੇ ਇਹ ਅਪੀਲ ਕੀਤੀ ਜਾਣੀ ਚਾਹੀਦੀ ਹੈ ਕਿ ਸਮਾਜ ਨੂੰ ਤੋੜਨ ਵਾਲੀ ਹਰ ਗੱਲ ਦਾ ਸਾਂਝੇ ਤੌਰ ਤੇ ਵਿਰੋਧ ਕੀਤਾ ਜਾਵੇ ਅਤੇ ਜੋੜਨ ਵਾਲੀ ਹਰ ਕਾਰਵਾਈ ਦੀ ਡੱਟ ਕੇ ਹਮਾਇਤ ਕੀਤੀ ਜਾਵੇ, ਤਾਂ ਕਿ ਧਰਮ ਦੇ ਨਾਂ ਤੇ ਹੋਣ ਵਾਲੀ ਹਿੰਸਾ ਨੂੰ ਪੂਰੀ ਤਰ੍ਹਾਂ ਰੋਕਿਆ ਜਾ ਸਕੇ। ਧਰਮ ਦੇ ਨਾਂ ਤੇ ਹਿੰਸਾ ਵਿਚ ਕਿਸੇ ਸਿੱਖ, ਹਿੰਦੂ, ਈਸਾਈ, ਮੁਸਲਮਾਨ ਜਾਂ ਕਿਸੇ ਵੀ ਨਿਰਦੋਸ਼ ਨੂੰ ਨਹੀਂ ਮਾਰਿਆ ਜਾਣਾ ਚਾਹੀਦਾ। ਮੇਰੀ ਬੇਨਤੀ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਤੋਂ ਲੈ ਕੇ ਹੁਣ ਤੋਂ ਕੁਝ ਚਿਰ ਪਹਿਲਾਂ ਤੱਕ ਕਿਸੇ ਨੂੰ ਰਾਹ ਵਿਚ ਜਾਂ ਬੱਸ ਵਿਚ ਸਿੱਖ ਮਿਲ ਜਾਂਦਾ ਸੀ, ਤਾਂ ਹਰ ਕੋਈ ਖਾਸ ਤੌਰ ਤੇ ਹਿੰਦੂ ਉਸ ਨੂੰ ਆਪਣਾ ਰਾਖਾ ਸਮਝਦਾ ਸੀ, ਪਰ ਹੁਣ ਜੇ ਕਿਤੇ ਸਿੱਖ ਮਿਲ ਜਾਏ ਤਾਂ ਹਿੰਦੂ ਉਸ ਤੋਂ



www.AKJ.Org

ਡਰ ਮਹਿਸੂਸ ਕਰਦਾ ਹੈ। ਇਹ ਗੱਲ ਖਤਮ ਹੋਣੀ ਚਾਹੀਦੀ ਹੈ।

**ਪ੍ਰੋ: ਦਰਸ਼ਨ ਸਿੰਘ**–ਇਸ ਦੇ ਜਵਾਬ ਵਿਚ ਮੈਂ ਇਹ ਚਾਹਾਂਗਾ ਕਿ ਇਸ ਗੱਲ ਦੇ ਪਿਛੋਕੜ ਵਿਚ ਜਾਇਆ ਜਾਏ ਤਾਂ ਕਿੰਨਾ ਚੰਗਾ ਹੋਵੇ। ਕਾਸ਼! ਕਦੇ ਕਿਸੇ ਨੇ ਇਹ ਵੀ ਸੋਚਿਆ ਹੈ ਕਿ ਅੱਜ ਤੋਂ ੪੦ ਸਾਲ ਪਹਿਲਾਂ ਆਜ਼ਾਦੀ ਮਿਲਣ ਵੇਲੇ ਕੁੱਝ ਲੋਕ ਸਾਨੂੰ ਇਕ ਦੂਜੇ ਨਾਲੋਂ ਤੋੜਨਾ ਚਾਹੁੰਦੇ ਸਨ, ਪਰ ਸਿੱਖ ਤਾਂ ਵੀ ਨਹੀਂ ਟੁੱਟੇ, ਉਦੋਂ ਸਾਨੂੰ ਬਤੌਰ ਕੌਮ ਟੁੱਟਣ ਦਾ ਹੱਕ ਵੀ ਮਿਲਦਾ ਸੀ। ਉਸ ਵੇਲੇ ਸਿੱਖ ਇਸ ਦੇਸ਼ ਤੋਂ ਟੁੱਟ ਸਕਦੇ ਸਨ, ਪਰ ਫੇਰ ਵੀ ਨਹੀਂ ਟੁੱਟੇ। ਇਸੇ ਹੀ ਧਰਤੀ ਤੇ ਤਿੰਨ ਚਾਰ ਜੰਗਾਂ ਲੜੀਆਂ ਗਈਆਂ, ਜਿਸ ਵਿਚ ਇਹਨਾਂ ਸਿੱਖ ਬਾਸ਼ਿੰਦਿਆਂ ਨੇ ਪੂਰੀ ਕੁਰਬਾਨੀ ਦਿੱਤੀ। ਕੀ ਆਪ ਸਭ ਇਸ ਗੱਲ ਨੂੰ ਮੰਨਦੇ ਹੋ ਜਾਂ ਨਹੀਂ?

(ਸਾਰੇ ਸਵਾਮੀ ਇਕ ਅਵਾਜ਼ ਵਿਚ–ਹਾਂ! ਬਿਲਕੁਲ! ਸਿੱਖਾਂ ਨੇ ਦੇਸ਼ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ)

**ਪ੍ਰੋ: ਦਰਸ਼ਨ ਸਿੰਘ** :–ਮੈਨੂੰ ਯਾਦ ਹੈ ਕਿ ਪਾਕਿਸਤਾਨ ਨਾਲ ੧੯੬੫ ਦੀ ਜੰਗ ਵੇਲੇ ਇਕ ਵਾਰੀ ਰੱਖੜੀ ਦਾ ਤਿਉਹਾਰ ਆ ਗਿਆ। ਇਸ ਪੰਜਾਬ ਦੇ ਸਿੱਖਾਂ ਦੀਆਂ ਬੇਟੀਆਂ ਨੇ ਇਹ ਸੋਚਿਆ ਕਿ ਇਹ ਫੌਜੀ ਭਰਾ ਦੂਰੋਂ ਦੂਰੋਂ ਆ ਕੇ ਦੇਸ਼ ਲਈ ਇਥੇ ਲੜ ਰਹੇ ਹਨ, ਇਨ੍ਹਾਂ ਦੀਆਂ ਭੈਣਾਂ ਇਸ ਮੌਕੇ ਤੇ ਇਥੇ ਪਹੁੰਚ ਨਹੀਂ ਸਕਦੀਆਂ। ਉਨ੍ਹਾਂ ਨੇ ਟੋਕਰਿਆਂ ਦੇ ਟੋਕਰੇ ਭਰ ਕੇ ਰੱਖੜੀਆਂ ਦੇ ਢੁੱਕੇ ਅਤੇ ਵਰ੍ਹਦੀਆਂ ਗੋਲੀਆਂ ਵਿਚ ਉਨ੍ਹਾਂ ਦੇ ਹੱਥਾਂ ਵਿਚ ਰੱਖੜੀਆਂ ਬੰਨ੍ਹਣ ਗਈਆਂ, ਇਹ ਦੱਸਣ ਲਈ ਕਿ ਅਸੀਂ ਵੀ ਤੁਹਾਡੀਆਂ ਹੀ ਭੈਣਾਂ ਹਾਂ। ਅਸਲ ਵਿਚ ਧਰਮ ਦੀ ਸੋਚ ਅਧੀਨ ਇਨਸਾਫ਼ ਦੇ ਖਿਆਲ ਨਾਲ ਹੀ ਇਸ ਸਿੱਖੀ ਦੇ ਪਿਛੋਕੜ ਵਿਚ ਜਾਇਆ ਜਾ ਸਕਦਾ ਹੈ ਤੇ ਧਰਮੀ ਲੋਕ ਹੀ ਜਾ ਸਕਣਗੇ। ਰਾਜਨੀਤਕ ਲੋਕ ਇਸ ਦੇ ਪਿਛੋਕੜ ਵਿਚ ਜਾਣ ਕੇ ਨਹੀਂ ਜਾਣਗੇ। ਅਤੇ ਪ੍ਰੇਸ਼ਾਨੀ ਵੀ ਇਹੀ ਹੈ ਕਿ ਰਾਜਨੀਤਕ ਲੋਕ ਇਨ੍ਹਾਂ ਗੱਲਾਂ ਨੂੰ ਜਾਣ ਬੁਝ ਕੇ ਛੁਪਾ ਰਹੇ ਹਨ ਕਿ ਇਸ ਕੌਮ ਦੇ ਪਿਛੋਕੜ ਵਿਚ ਕੀ ਹੈ? ਜੇ ਤੁਸੀਂ ਹੁਣ ਸਿੱਖ ਤੋਂ ਡਰ ਮਹਿਸੂਸ ਕਰਨ ਲੱਗ ਪਏ ਹੋ ਤਾਂ ਕੀ ਸਿੱਖ ਬਦਲ ਗਿਆ ਹੈ? ਜੇ ਬਦਲਿਆ ਹੈ ਤਾਂ ਕਿਉਂ ਬਦਲਿਆ ਹੈ? ਇਹ ਇਕ ਸਵਾਲ ਹੈ? ਪਹਿਲੀ ਗੱਲ ਤਾਂ ਸਿੱਖ ਬਦਲਿਆ ਹੀ ਨਹੀਂ। ਮੈਂ ਹਰ ਸਟੇਜ ਤੇ ਇਹ ਕਹਿੰਦਾ ਹਾਂ ਕਿ ਕੋਈ ਸਿੱਖ ਅੱਤਵਾਦ ਨਹੀਂ ਚਾਹੁੰਦਾ। ਪਰ ਲਾਈਸੈਂਸਧਾਰੀ ਅੱਤਵਾਦ ਵੀ ਨਹੀਂ ਹੋਣਾ ਚਾਹੀਦਾ। ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਸਰਟੀਫਿਕੇਟ ਪ੍ਰਾਪਤ ਡਾਕਟਰ ਕੋਲੋਂ ਕੋਈ ਮਰੀਜ਼ ਮਰ ਜਾਏ ਤਾਂ ਉਸ ਨੂੰ ਮੁਆਫ਼ ਕਰ ਦਿਤਾ ਜਾਂਦਾ ਹੈ। ਕੀ ਵਰਦੀਧਾਰੀ ਅੱਤਵਾਦੀਆਂ ਨੂੰ ਸਰਕਾਰ ਵਲੋਂ ਇਸ ਤਰ੍ਹਾਂ ਦਾ ਲਾਈਸੈਂਸ ਦੇ ਦਿੱਤਾ ਗਿਆ ਹੈ ਕਿ ਉਹ ਕਿਸੇ ਵੀ ਨਿਰਦੋਸ਼ ਨੂੰ, ਜਿਸ ਵੇਲੇ ਚਾਹੁਣ ਮਾਰ ਦੇਣ, ਤੇ ਉਨ੍ਹਾਂ ਦਾ ਅੱਤਵਾਦ ਮੁਆਫ਼ ਹੋ ਜਾਂਦਾ ਹੈ ਇਕ ਡਾਕਟਰ ਦੀ ਤਰ੍ਹਾਂ। ਇਹ ਲੋਕ ਲਾਈਸੈਂਸਧਾਰੀ ਅੱਤਵਾਦੀ ਨਹੀਂ ਹਨ ਤਾਂ ਹੋਰ ਕੀ ਹਨ? ਜੋ ਕਿਸੇ ਵੀ ਘਰ ਦੇ ਨਿਰਦੋਸ਼ ਬੇਟੇ ਨੂੰ, ਜਿਸ ਵੇਲੇ ਚਾਹੁਣ, ਚੁੱਕ ਕੇ ਲੈ ਜਾਂਦੇ ਹਨ। ਕਈ ਵਾਰ ਪੰਚਾਇਤਾਂ ਦੇ ਸਾਹਮਣੇ ਵੀ ਚੁਕ ਕੇ ਲੈ ਜਾਂਦੇ ਹਨ। ਉਨ੍ਹਾਂ ਦਾ ੧੦–੧੫ ਦਿਨ ਪਤਾ ਹੀ ਨਹੀਂ ਦਿੱਤਾ ਜਾਂਦਾ ਕਿ ਉਹ ਕਿਥੇ ਹਨ? ਘਰ ਵਾਲੇ ਵਿਚਾਰੇ ਥਾਂ ਥਾਂ ਥਾਣਿਆਂ ਵਿਚ ਧੱਕੇ ਖਾਂਦੇ ਹਨ। ਫੇਰ ਪਤਾ ਲੱਗਦਾ ਹੈ ਕਿ ਉਨ੍ਹਾਂ ਦਾ ਬੇਟਾ ਪੁਲਸ ਮੁਕਾਬਲੇ ਵਿਚ ਮਾਰਿਆ ਗਿਆ ਹੈ। ਲਾਸ਼ ਉਥੇ ਪਈ ਮਿਲ ਗਈ ਹੈ। ਐਸੇ ਹਾਲਾਤ ਵਿਚ ਜਦੋਂ ਇਨਸਾਫ਼ ਨਹੀਂ ਮਿਲੇਗਾ ਤਾਂ ਮਨੁੱਖ ਬਦਲੇਗਾ ਨਹੀਂ ਤਾਂ ਹੋਰ ਕੀ ਹੋਵੇਗਾ? ਇਸ ਲਈ ਆਖ਼ਿਰ ਜ਼ਿੰਮੇਵਾਰ ਕੌਣ ਹੈ? ਦਸੋ ਤੁਸੀਂ?

(ਸਾਰੇ ਸਵਾਮੀ–ਰਿਐਕਸ਼ਨ ਤਾਂ ਹੋਵੇਗਾ ਹੀ। ਇਹ ਗੱਲ ਤਾਂ ਠੀਕ ਹੀ ਹੈ)।

**ਪ੍ਰੋਫੈਸਰ ਦਰਸ਼ਨ ਸਿੰਘ** :–ਤਾਂ ਫਿਰ ਇਸ ਗੱਲ ਦਾ ਹੱਲ ਲੱਭਿਆ ਜਾਣਾ ਚਾਹੀਦਾ ਹੈ। ਕੋਈ ਵੀ ਸੰਸਾਰ ਦਾ ਮਨੁੱਖ ਅੱਤਵਾਦ ਨਹੀਂ ਚਾਹੁੰਦਾ। ਮਨੁੱਖ ਦਾ ਸੁਭਾਅ ਮੁਢਲੇ ਤੌਰ ਤੇ ਅੱਤਵਾਦੀ ਨਹੀਂ ਹੈ। ਤੁਸੀਂ ਵੀ ਆਤੰਕਵਾਦ ਨਹੀਂ ਚਾਹੁੰਦੇ। ਅਸੀਂ ਵੀ ਆਤੰਕਵਾਦ ਨਹੀਂ ਚਾਹੁੰਦੇ। ਮੈਂ ਹਮੇਸ਼ਾ ਹੀ ਇਹ ਗੱਲਾਂ ਆਖਦਾ ਹਾਂ ਅਤੇ ਇਹ ਟੇਪ ਵੀ ਹੋਈਆਂ ਹਨ ਕਿ ਬੇਟਾ ਭਾਵੇਂ ਹਿੰਦੂ ਦਾ ਮਰੇ ਜਾਂ ਸਿੱਖ ਦਾ ਮਰੇ, ਉਸ ਦੇ ਮਾਂ ਬਾਪ ਅਤੇ ਪਰਿਵਾਰ ਤੋਂ ਪੁਛੋ ਕਿ, ਕੀ ਤਕਲੀਫ ਹੁੰਦੀ ਹੈ? ਸੋਚਣਾ ਇਹ ਹੈ ਕਿ ਇਸ ਦੀ ਜੜ੍ਹ ਵਿਚ ਕੀ ਹੈ? ਜਦੋਂ



www.AKJ.Org

ਰਾਜਨੀਤਕ ਲੋਕ ਅਜਿਹੇ ਮੰਦੇ ਬੀਜ ਬੀਜ ਦਿੰਦੇ ਹਨ ਤਾਂ ਇਕ ਦਿਨ ਇਹ ਬੀਜ ਦਰੱਖ਼ਤ ਦਾ ਰੂਪ ਧਾਰਨ ਕਰ ਜਾਂਦਾ ਹੈ । ਜਦੋਂ ਇਹ ਕੰਡੇ ਚੁਭਦੇ ਹਨ ਤਾਂ ਇਸ ਦਰੱਖ਼ਤ ਦੇ ਕੰਡੇ ਵੀ ਤੋੜੇ ਜਾਂਦੇ ਹਨ ਤੇ ਸ਼ਾਖ਼ਾਂ ਵੀ ਵੱਢੀਆਂ ਜਾਂਦੀਆਂ ਹਨ। ਪਰ ਇਕ ਗੱਲ ਜਾਣ ਲੈਣੀ ਚਾਹੀਦੀ ਹੈ ਕਿ ਕੁਦਰਤ ਦਾ ਇਹ ਨਿਯਮ ਹੈ ਕਿ ਸ਼ਾਖ਼ਾਂ ਵੱਢਣ ਨਾਲ ਦਰੱਖ਼ਤ ਛੋਟਾ ਨਹੀਂ ਹੁੰਦਾ, ਸਗੋਂ ਵੱਧਦਾ ਹੈ । ਜਿਹੜਾ ਕੰਡਿਆਂ ਵਾਲਾ ਦਰੱਖ਼ਤ 'ਅੱਤਵਾਦ' ਦਾ ਦਰੱਖ਼ਤ ਰਾਜਨੀਤਕ ਲੋਕਾਂ ਨੇ ਪੈਦਾ ਕੀਤਾ ਹੈ, ਜਿੰਨਾ ਚਿਰ ਉਸ ਦੀ ਜੜ੍ਹ ਨਹੀਂ ਪੁੱਟੀ ਜਾਵੇਗੀ, ਉਨੀ ਦੇਰ ਕੰਡੇ ਖ਼ਤਮ ਨਹੀਂ ਹੋਣਗੇ ? ਇਸ ਅੱਤਵਾਦ ਦੇ ਦਰੱਖ਼ਤ ਦੀ ਜੜ੍ਹ ਪੁੱਟਣ ਲਈ ਇਹ ਵੇਖਣਾ ਹੋਵੇਗਾ ਕਿ ਇਸ ਦੀ ਜੜ੍ਹ ਕਿਥੇ ਹੈ ? ਇਹ ਅੱਤਵਾਦ ਕਿਥੋਂ ਤੇ ਕਿਉਂ ਸ਼ੁਰੂ ਹੋਇਆ ? ਕਿਹੜੀ ਬੇ-ਇਨਸਾਫ਼ੀ ਹੋਈ ਹੈ ? ਇਹੀ ਸਾਡੀ ਮੰਗ ਹੈ ਕਿ ਇਸ ਦੀ ਤਹਿ ਤਕ ਇਨਸਾਫ਼ ਭਰੇ ਨਜ਼ਰੀਏ ਨਾਲ ਪਹੁੰਚਿਆ ਜਾਏ ਕਿ ਜਿਨ੍ਹਾਂ ਸਿੱਖ ਬੱਚਿਆਂ ਨੂੰ ਤੁਸੀਂ ਕੰਡੇ (ਅੱਤਵਾਦੀ) ਕਹਿੰਦੇ ਹੋ, ਜਿਸ ਤੋਂ ਅੱਜ ਤੁਸੀਂ ਡਰਦੇ ਹੋ, ਕੀ ਉਨ੍ਹਾਂ ਦਾ ਦਿਲ ਨਹੀਂ ਕਰਦਾ ਕਿ ਅੱਜ ਦੇ ਇਸ ਪਦਾਰਥ-ਵਾਦ ਦੇ ਯੁਗ ਵਿਚ, ਜਦੋਂ ਕਿ ਹਰ ਆਦਮੀ ਏਅਰਕੰਡੀਸ਼ਨ ਕਮਰਿਆਂ ਅਤੇ ਡਨਲਪ ਦੇ ਨਰਮ ਗੱਦਿਆਂ ਤੇ ਸੌਣ ਦੀ ਇਛਾ ਰਖਦਾ ਹੈ, ਤਾਂ ਉਹ ਵੀ ਅਜਿਹਾ ਸੁਖ ਮਾਨਣ ? ਜਿਨ੍ਹਾਂ ਨੂੰ ਅੱਤਵਾਦੀ ਕਿਹਾ ਜਾਂਦਾ ਹੈ, ਕੀ ਇਹ ਨੌਜਵਾਨ ਪਾਗ਼ਲ ਹਨ ਜੋ ਆਪਣਾ ਘਰ-ਬਾਰ, ਮਾਂ-ਬਾਪ, ਪਤਨੀ, ਬੱਚੇ, ਸਾਰੇ ਸੁੱਖ ਆਰਾਮ ਛੱਡ ਕੇ ਮਾਰੇ ਮਾਰੇ ਜੰਗਲਾਂ ਵਿਚ ਜਾਂ ਰੂ-ਪੋਸ਼ ਹੋ ਕੇ ਆਪਣੀ ਭਰੀ ਜਵਾਨੀ ਗਾਲਣ ਲਈ ਮਜਬੂਰ ਹੋ ਗਏ ਹਨ ? ਕਿਸ ਦਾ ਜੀਅ ਕਰਦਾ ਹੈ ਦੁੱਖਾਂ ਨੂੰ ਕਬੂਲਣ ਨੂੰ ? ਸਭ ਮਜਬੂਰੀਆਂ ਹੁੰਦੀਆਂ ਹਨ। ਆਖ਼ਿਰ ਕੋਈ ਆਦਮੀ ਇਕ ਦੁੱਖ ਉਦੋਂ ਕਬੂਲ ਕਰਦਾ ਹੈ ਜਦੋਂ ਦੂਜਾ ਦੁੱਖ ਬਹੁਤ ਵੱਡਾ ਹੋਵੇ । ਆਦਮੀ ਕਈ ਦਫ਼ਾ ਆਤਮਘਾਤ ਵੀ ਕਰਦਾ ਹੈ । ਪਰ ਆਤਮਘਾਤ 'ਮੌਤ', ਜੋ ਸਭ ਤੋਂ ਵੱਡਾ ਦੁੱਖ ਹੈ, ਉਸ ਨੂੰ ਵੀ ਤਾਂ ਹੀ ਕਬੂਲ ਕਰਦਾ ਹੈ ਜਦੋਂ ਉਸ ਨੂੰ ਆਪਣਾ ਜੀਵਨ ਮੌਤ ਤੋਂ ਵੀ ਵੱਧ ਦੁਖਿਆਰਾ ਹੋ ਗਿਆ ਦਿਸਦਾ ਹੈ। ਮੈਂ ਸਮਝਦਾ ਹਾਂ ਕਿ ਇਹ ਨੌਜਵਾਨ ਵੀ ਆਤਮਘਾਤ ਲਈ ਮਜਬੂਰ ਹੋ ਗਏ ਲਗਦੇ ਹਨ । ਉਨ੍ਹਾਂ ਦਾ ਜੀਵਨ ਮੌਤ ਨਾਲੋਂ ਭੀ ਔਖਾ ਕਰ ਦਿਤਾ ਗਿਆ ਹੈ । ਮੈਂ ਇਹ ਵੀ ਸਮਝਦਾ ਹਾਂ ਕਿ ਇਹ ਵੇਖਣਾ ਬਹੁਤ ਹੀ ਜ਼ਰੂਰੀ ਹੈ ਕਿ ਉਹ ਕਿਹੜੇ ਕਾਰਨ ਹਨ ਜਿਸ ਕਰਕੇ ਇਹ ਸਿੱਖ ਨੌਜਵਾਨ ਨਰਮ ਗੱਦਿਆਂ ਨੂੰ ਛੱਡ ਕੇ ਜੰਗਲਾਂ ਵਿਚ ਭਟਕ ਰਹੇ ਹਨ। ਇਹ ਉਨ੍ਹਾਂ ਸਿਆਸੀ ਲੋਕਾਂ ਨੂੰ ਵੀ ਵਧੇਰੇ ਤੌਰ ਉਤੇ ਜਾਨਣਾ ਹੋਵੇਗਾ ਜਿਨ੍ਹਾਂ ਇਹ ਬੀਜ ਬੀਜੇ ਹਨ। ਅਸੀਂ ਧਾਰਮਕ ਲੋਕ ਤਾਂ ਇਹੀ ਆਵਾਜ਼ ਉਠਾਉਣ ਲਈ ਬੈਠੇ ਹਾਂ ਕਿ ਅਸੀਂ ਸਿੱਖ ਅੱਤਵਾਦ ਦੇ ਮਦਦਗਾਰ ਨਹੀਂ ਹਾਂ। ਅਸੀਂ ਇਹ ਨਹੀਂ ਚਾਹੁੰਦੇ ਕਿ ਦੁਨੀਆ ਵਿਚ ਅੱਤਵਾਦ ਫੈਲਦਾ ਰਹੇ, ਅਸ਼ਾਂਤੀ ਹੋਵੇ ਜਾਂ ਹਰ ਪਾਸਿਉਂ ਖਟਪਟ ਜਾਰੀ ਰਹੇ ਤੇ ਨਿਰਦੋਸ਼ ਜਨਤਾ ਦੁਖੀ ਹੁੰਦੀ ਰਹੇ । ਕੋਈ ਵੀ ਧਰਮੀ ਆਦਮੀ ਇਹ ਗੱਲਾਂ ਨਹੀਂ ਚਾਹੁੰਦਾ । ਇਹ ਸਭ ਕੁੱਝ ਅਤੇ ਅਜਿਹਾ ਮਾਹੌਲ ਰਾਜਨੀਤੀ ਨੇ ਆਪਣੀਆਂ ਜ਼ਰੂਰਤਾਂ ਲਈ ਪੈਦਾ ਕੀਤਾ ਹੈ। ਮੈਂ ਇਹ ਆਵਾਜ਼ ਉਠਾਉਣੀ ਚਾਹੁੰਦਾ ਹਾਂ ਕਿ ਜਿਨ੍ਹਾਂ ਸਿੱਖ ਨੌਜਵਾਨਾਂ ਬਾਰੇ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਇਹ ਅੱਤਵਾਦੀ ਹਨ, ਇਹ 'ਕੰਡੇ' ਹਨ, ਇਨ੍ਹਾਂ ਦੀ ਜੜ੍ਹ ਵਿਚ ਜਾਇਆ ਜਾਵੇ । ਉਨ੍ਹਾਂ ਨਾਲ ਗੱਲਬਾਤ ਕਰਨੀ ਤਾਂ ਕੋਈ ਬੁਰੀ ਗੱਲ ਨਹੀਂ ਹੈ । ਆਖ਼ਿਰ ਇਹ ਵੀ ਤਾਂ ਇਸੇ ਹੀ ਦੇਸ਼ ਦੇ ਬੱਚੇ ਹਨ । ਜੇ ਆਸਾਮ, ਮਿਜ਼ੋਰਮ, ਜੋ ੨੦ ਸਾਲ ਤੱਕ ਭਾਰਤ ਤੋਂ ਆਪਣੇ ਆਪ ਨੂੰ ਅਲਵਿਦਾ ਆਖ ਕੇ ਭਾਰਤ ਵਿਰੁਧ ਖੁਲ੍ਹੇਆਮ ਬਗ਼ਾਵਤ ਕਰਕੇ ਲੜਦੇ ਰਹੇ, ਜੇ ਉਨ੍ਹਾਂ ਨਾਲ ਸਰਕਾਰ ਸਮਝੌਤਾ ਕਰ ਸਕਦੀ ਹੈ, ਤਾਂ ਇਨ੍ਹਾਂ ਸਿੱਖ ਨੌਜਵਾਨਾਂ ਦੀ ਗੱਲ ਕਿਉਂ ਨਹੀਂ ਸਰਕਾਰ ਸੁਣਨਾ ਚਾਹੁੰਦੀ ?

**ਇਕ ਸਵਾਮੀ**:–ਕੀ ਇਹ ਨੌਜਵਾਨ ਸੰਵਿਧਾਨ ਵਿਚ ਰਹਿ ਕੇ ਸਰਕਾਰ ਨਾਲ ਗੱਲਬਾਤ ਕਰਨ ਲਈ ਤਿਆਰ ਹਨ।

**ਪ੍ਰੋ: ਦਰਸ਼ਨ ਸਿੰਘ** :–ਸੰਵਿਧਾਨ ਤਾਂ ਉਸ ਵੇਲੇ ਖ਼ਤਮ ਹੋ ਗਿਆ ਜਦੋਂ ਦੁਹਾਂ ਪਾਸੇ ਗੋਲੀ ਦਾ ਮਸਲਾ ਆ ਗਿਆ। ਮੈਂ ਕਹਿੰਦਾ ਹਾਂ ਕਿ ਪਹਿਲਾਂ 'ਗੋਲੀ ਖ਼ਤਮ' ਕਰਨ ਲਈ ਗੱਲਬਾਤ ਹੋਣੀ ਚਾਹੀਦੀ ਹੈ । ਕਦੀ ਇਹ ਵੀ ਗੱਲ ਹੋਈ ਹੈ ਕਿ ਪਾਣੀ ਬਲੇ ਪਹਿਲਾਂ ਅੱਗ ਬਾਲ ਦਿੱਤੀ ਜਾਵੇ, ਜਦੋਂ ਉਹ ਉਬਲਣ ਲੱਗੇ ਤਾਂ ਇਹ



www.AKJ.Org

ਆਖਿਆ ਜਾਵੇ ਕਿ ਪਹਿਲਾਂ ਅੱਗ ਉਤੇ ਪਿਆ ਪਾਣੀ ਠੰਡਾ ਹੋ ਜਾਵੇ ਤੇ ਅੱਗ ਪਿਛੋਂ ਬੁਝਾਈ ਜਾਵੇਗੀ ? ਕੀ ਕਦੀ ਇਸ ਤਰ੍ਹਾਂ ਉਬਲ ਰਿਹਾ ਪਾਣੀ ਠੰਡਾ ਹੋ ਸਕਦਾ ਹੈ ਜਦੋਂ ਤੱਕ ਥਲੇ ਅੱਗ ਬਲਦੀ ਰਹੇ ? ਪਾਣੀ ਠੰਡਾ ਕਰਨ ਲਈ ਇਹ ਜ਼ਰੂਰੀ ਹੈ ਕਿ ਪਹਿਲਾਂ ਅੱਗ ਪਾਣੀ ਥਲਿਉਂ ਕੱਢ ਦਿੱਤੀ ਜਾਵੇ ਤਾਂ ਫਿਰ ਪਾਣੀ ਆਪੇ ਹੀ ਠੰਡਾ ਹੁੰਦਾ ਚਲਾ ਜਾਵੇਗਾ। ਇਹੀ ਸੁਭਾਅ ਸਿੱਖਾਂ ਦਾ ਹੈ। ਜਦੋਂ ਤਕ ਅਸੀਂ ਇਹ ਨਹੀਂ ਸਮਝਦੇ ਕਿ 'ਸਿੱਖ ਕੀ ਹੈ ?' ਤਦ ਤੱਕ ਅਸੀਂ ਸਿੱਖਾਂ ਦਾ ਮਸਲਾ ਵੀ ਨਹੀਂ ਸਮਝ ਸਕਾਂਗੇ। ਗੁਰਬਾਣੀ ਵਿਚ ਦੱਸਿਆ ਗਿਆ ਹੈ ਕਿ ਸਿੱਖ ਕੀ ਹੈ ? ਸਿੱਖ ਕਿੱਦਾਂ ਦਾ ਹੁੰਦਾ ਹੈ ? ਇਹ ਦੱਸਣ ਲਈ ਕਿ ਸਿੱਖ ਕੀ ਸੀ ਤੇ ਕੀ ਬਣ ਗਿਆ ਹੈ ਅਤੇ ਕਿਉਂ ਬਣ ਗਿਆ ਹੈ ? ਇਸ ਲਈ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਸਿੱਖ ਦੀ ਤੁਲਨਾ ਪਾਣੀ ਨਾਲ ਹੋਈ ਹੈ। ਜਿਸ ਤਰ੍ਹਾਂ ਪਾਣੀ ਦਾ ਆਪਣਾ ਕੁਝ ਬੁਨਿਆਦੀ ਸੁਭਾਅ ਹੈ ਅਤੇ ਇਸ ਵਿਚ ਕੁਝ ਤਬਦੀਲੀਆਂ ਵੀ ਆ ਸਕਦੀਆਂ ਹਨ। ਇਸ ਲਈ ਸਿੱਖ ਨੂੰ ਸਮਝਣ ਲਈ ਇਹ ਜ਼ਰੂਰੀ ਹੈ ਕਿ ਪਾਣੀ ਨੂੰ ਸਮਝਿਆ ਜਾਵੇ ਕਿ ਉਹ ਕੀ ਹੈ ? ਜਿਸ ਤਰ੍ਹਾਂ ਧਰਤੀ ਪੈਰਾਂ ਥੱਲੇ ਰਹਿੰਦੀ ਹੈ ਤੇ ਪਾਣੀ ਧਰਤੀ ਦੇ ਵੀ ਥਲੇ ਰਹਿੰਦਾ ਹੈ ਅਰਥਾਤ ਸਿੱਖ ਬੁਨਿਆਦੀ ਤੌਰ ਤੇ ਅਤੀ ਨਿਮਰਤਾ ਵਾਲੇ ਸੁਭਾਅ ਦਾ ਹੁੰਦਾ ਹੈ। ਪਾਣੀ ਹਮੇਸ਼ਾ ਨੀਵੇਂ ਪਾਸੇ ਵਲ ਨੂੰ ਤੁਰਦਾ ਹੈ। ਇਹ ਵੀ ਇਸ ਦਾ ਬੁਨਿਆਦੀ ਸੁਭਾਅ ਹੈ। ਜੇ ਪਾਣੀ ਥੱਲੇ ਅੱਗ ਬਾਲ ਦਿੱਤੀ ਜਾਵੇ ਤਾਂ ਇਹ ਨੀਵੇਂ ਥਾਂ ਜਾਣ ਦੀ ਬਜਾਏ ਫਿਰ ਉਪਰ ਨੂੰ ਉਬਾਲੇ ਖਾਂਦਾ ਹੈ। ਜੇ ਹੋਰ ਗਰਮ ਕੀਤਾ ਜਾਏ ਤਾਂ ਭਾਫ ਬਣ ਕੇ ਹੋਰ ਉਤਾਂਹ ਨੂੰ ਚੜ੍ਹਦਾ ਹੈ। ਜੇ ਇਸ ਪਾਣੀ ਥੱਲੇ ਅੱਗ ਵੀ ਬਾਲੀ ਰਖੀ ਜਾਏ ਅਤੇ ਇਸ ਦੀ ਨਿਕਲਦੀ ਭਾਫ ਨੂੰ ਵੀ ਰੋਕ ਦਿੱਤਾ ਜਾਏ ਤਾਂ ਇਹ ਵਿਸਫੋਟ ਕਰਦੀ ਹੈ, ਸਿੱਖ ਵੀ ਇਸੇ ਸੁਭਾਅ ਦਾ ਹੈ। ਪਾਣੀ ਦਾ ਗਰਮ ਸੁਭਾਅ ਪ੍ਰਤੀਕਿਰਿਆ ਵਜੋਂ ਹੁੰਦਾ ਹੈ ਤੇ ਬੁਨਿਆਦੀ ਸੁਭਾਅ ਸੀਤਲਤਾ ਪ੍ਰਦਾਨ ਕਰਨ ਵਾਲਾ ਹੀ ਹੈ। ਪਰ ਇਸ ਦੇ ਸੀਤਲ ਸੁਭਾਅ ਨੂੰ ਬਦਲਣ ਵਾਲੀ ਸਿਆਸਤ ਰੂਪੀ ਅਗਨੀ ਹੈ, ਜੋ ਕਿ ਬੜੀ ਮੱਕਾਰ ਹੈ ਤੇ ਇਸ ਪਾਣੀ ਦੇ ਸਾਹਮਣੇ ਕਦੀ ਨਹੀਂ ਆਉਂਦੀ। ਇਹ ਸਿਰਫ ਚੁਪਚਾਪ ਹੇਠਾਂ ਰਹਿ ਕੇ ਉਸ ਨੂੰ ਉਬਾਲ ਰਹੀ ਹੈ, ਸਿੱਖ ਦੇ ਨਿਮਰ ਤੇ ਸੀਤਲ ਸੁਭਾਅ ਨੂੰ ਬਦਲ ਰਹੀ ਹੈ। ਹੁਣ ਪੁਛਣਾ ਇਹ ਹੈ ਕਿ ਸਿੱਖ ਰੂਪੀ ਪਾਣੀ ਦੇ ਥੱਲੇ ਅੱਗ ਕਿਉਂ ਬਾਲੀ ਗਈ ? ਜੇ ਪਾਣੀ ਉਬਲ ਰਿਹਾ ਹੈ ਤਾਂ ਦੋਸ਼ ਪਾਣੀ ਦਾ ਹੈ ਜਾਂ ਅੱਗ ਦਾ ? ਕੀ ਜੇ ਥੱਲੇ ਅੱਗ ਨਾ ਹੋਵੇ ਤਾਂ ਪਾਣੀ ਆਪਣੇ ਆਪ ਉਬਲ ਸਕਦਾ ਹੈ ? ਤੁਸੀਂ ਕਹਿੰਦੇ ਹੋ ਕਿ ਵਿਧਾਨ ਦੀ ਗੱਲ ਪਹਿਲਾਂ ਕਰੋ। ਦਸੋ ਕਿ ਦੋਸ਼ ਪਹਿਲਾਂ ਅਗਨੀ ਰੂਪੀ ਸਿਆਸਤ (ਸਰਕਾਰ) ਦਾ ਹੈ ਜਾਂ ਉਬਲਦੇ ਪਾਣੀ ਰੂਪੀ ਸਿੱਖ ਦਾ ਹੈ ? ਪਾਣੀ (ਸਿੱਖ) ਨੂੰ ਠੰਡਾ ਕਰਨ ਲਈ ਤਾਂ ਇਕੋ ਹੀ ਗੱਲ ਹੋ ਸਕਦੀ ਹੈ. ਇਸ ਥਲਿਉਂ ਬਲੀ ਗਈ (ਸਿਆਸੀ) ਅੱਗ ਹਟਾ ਲਈ ਜਾਵੇ ਤਾਂ ਇਹ ਆਪਣੇ ਸੁਭਾਅ ਮੁਤਾਬਕ ਆਪੇ ਹੀ ਠੰਡਾ ਹੋ ਜਾਵੇਗਾ। ਕੀ ਤੁਸੀਂ ਕਦੀ ਉਬਲਦੇ ਪਾਣੀ ਨੂੰ ਇਹ ਕਿਹਾ ਹੈ ਕਿ ਪਹਿਲਾਂ ਤੂੰ ਠੰਡਾ ਹੋ, ਅੱਗ ਪਿਛੋਂ ਹਟਾਈ ਜਾਵੇਗੀ ? ਜੇ ਇਹ ਗੱਲ ਹੋ ਸਕਦੀ ਹੈ ਤਾਂ ਫਿਰ ਜ਼ਰੂਰ ਕਹੋ।

**ਸਾਰੇ ਸਵਾਮੀ**—ਬਿਲਕੁਲ ਠੀਕ ਹੈ, ਪਹਿਲਾਂ ਅੱਗ ਹੀ ਬੁਝਾਉਣੀ ਹੋਵੇਗੀ।

**ਪ੍ਰੋ: ਦਰਸ਼ਨ ਸਿੰਘ**—ਮੇਰਾ ਵੀ ਇਹੀ ਸੁਝਾਉ ਹੈ ਕਿ ਪਹਿਲਾਂ ਅੱਗ ਹਟਾਉ। ਜਿਹੜੇ ਗਰਮ ਹੋਏ ਹਨ, ਜਿਨ੍ਹਾਂ ਨੂੰ ਤੁਸੀਂ ਗਰਮ ਆਖਦੇ ਹੋ, ਜਿਨ੍ਹਾਂ ਤੋਂ ਤੁਸੀਂ ਸਾਰੇ ਡਰਦੇ ਹੋ, ਉਨ੍ਹਾਂ ਥਲਿਉਂ ਅੱਗ ਕੱਢੋ। ਇਨ੍ਹਾਂ ਦੇ ਚੌਗਿਰਦੇ ਜੋ ਅੱਗ ਬਲ ਰਹੀ ਹੈ, ਗੋਲੀਆਂ ਚਲ ਰਹੀਆਂ ਹਨ, ਉਨ੍ਹਾਂ ਬੇਕਸੂਰਾਂ ਨੂੰ ਘਰੋਂ ਕੱਢ ਕੱਢ ਕੇ ਮਾਰਿਆ ਜਾਂਦਾ ਹੈ, ਪਹਿਲਾਂ ਇਹ ਬੰਦ ਹੋਣਾ ਚਾਹੀਦਾ ਹੈ। ਕੀ ਕਿਸੇ ਦੇ ਮੱਥੇ ਤੇ ਲਿਖਿਆ ਹੋਇਆ ਹੈ ਕਿ ਫਲਾਣਾ ਅੱਤਵਾਦੀ ਹੈ ? ਅਜੇ ਤਾਂ ਤੁਸੀਂ ਇਹੀ ਫੈਸਲਾ ਨਹੀਂ ਕਰ ਸਕੇ ਹੋ ਕਿ ਇਨ੍ਹਾਂ ਹਿੰਸਕ ਵਾਰਦਾਤਾਂ ਪਿਛੇ ਪਾਕਿਸਤਾਨ ਦਾ ਹੱਥ ਹੈ ਜਾਂ ਕਿਸੇ ਹੋਰ ਦਾ ? ਕਦੀ ਪਾਕਿਸਤਾਨ ਦਾ ਨਾਂ ਲੈ ਲਿਆ ਜਾਂਦਾ ਹੈ, ਕਦੀ ਕਿਸੇ ਹੋਰ ਦਾ। ਕਿਸੇ ਵੀ ਬੱਚੇ ਦਾ ਮਰਨਾ ਚੰਗੀ ਗੱਲ ਨਹੀਂ। ਜਿਸ ਦਾ ਇਕ ਬੇਕਸੂਰ ਭਰਾ ਝੂਠੇ ਮੁਕਾਬਲਿਆਂ ਵਿਚ ਮਰੇਗਾ, ਉਸ ਦੇ ਬਾਕੀ ਦੇ ੧੦ ਭਰਾ ਆਪੇ ਹੀ ਰੋਸ ਵਜੋਂ ਅੱਤਵਾਦੀ ਬਣ ਜਾਣਗੇ। ਅੱਤਵਾਦ ਇਸ ਤਰ੍ਹਾਂ ਨਹੀਂ ਖਤਮ ਹੋਵੇਗਾ। ਪਹਿਲਾਂ ਅੱਗ ਬੁਝਾਉਣੀ ਹੋਵੇਗੀ। ਇਸੇ ਲੱਗੀ ਹੋਈ ਅੱਗ ਨੂੰ ਬੁਝਾਉਣ ਲਈ ਅਸੀਂ ਰੋਜ਼ ਕੋਸ਼ਿਸ਼ਾਂ ਕਰ ਰਹੇ ਹਾਂ। ਕਾਸ਼ ! ਸਾਡੇ ਨਾਲ ਤੁਸੀਂ ਪਹਿਲਾਂ ਹੀ ਹੁੰਦੇ ਤਾਂ ਸ਼ਾਇਦ ਹਾਲਾਤ ਇਥੋਂ ਤੱਕ ਨਾ ਪੁਜਦੇ। ਹੁਣ ਤੁਸੀਂ ਵੀ ਇਹ ਆਵਾਜ਼ ਚੁਕੋ ਕਿ ਜਿਨ੍ਹਾਂ ਸਿੱਖ ਨੌਜਵਾਨਾਂ ਨੂੰ ਉਬਲਦਾ, ਖੌਲਦਾ ਪਾਣੀ ਜਾਂ ਗਰਮ ਖਿਆਲੀ ਆਖਿਆ ਜਾਂਦਾ ਹੈ, ਉਨ੍ਹਾਂ ਥਲਿਉਂ ਬਲਦੀ ਅੱਗ ਕੱਢ ਲਈ ਜਾਵੇ। ਕੀ ਇਸ ਥੀਉਰੀ ਨਾਲ ਤੁਸੀਂ ਸਾਰੇ ਸਹਿਮਤ ਹੋ ਜਾਂ ਨਹੀਂ ? ਇਸ ਬਾਰੇ ਤੁਹਾਡੇ ਧਰਮੀ ਲੋਕਾਂ ਦਾ ਕੀ ਖਿਆਲ ਹੈ ? ਕੀ ਇਹ ਤੁਹਾਨੂੰ ਮਨਜ਼ੂਰ ਹੈ ?

**ਸਾਰੇ ਸਵਾਮੀ**—ਅਸੀਂ ਤੁਹਾਡੇ ਸੁਝਾਅ ਨਾਲ ਸਹਿਮਤ ਅਤੇ ਸੰਤੁਸ਼ਟ ਹਾਂ। ਅਸੀਂ ਸਾਰੇ ਦਿੱਲੀ ਅਤੇ ਹੋਰਨਾਂ ਥਾਵਾਂ ਤੇ ਜਾ ਕੇ ਪ੍ਰਚਾਰ ਕਰਾਂਗੇ ਅਤੇ ਸਰਕਾਰ ਉਤੇ ਇਸ ਲਈ ਦਬਾਅ ਵੀ ਪਾਵਾਂਗੇ ਕਿ ਫੜੇ ਨੌਜਵਾਨ ਛੱਡੇ ਜਾਣ, ਦੋਵੇਂ ਪਾਸਿਆਂ ਤੋਂ ਗੋਲੀਬਾਰੀ ਬੰਦ ਹੋਵੇ। ਇਸ ਲਈ ਅਸੀਂ ਤੁਹਾਡੇ ਅਗੇ ਵੀ ਬੇਨਤੀ ਕਰਦੇ ਹਾਂ ਕਿ ਤੁਸੀਂ ਵੀ ਇਨ੍ਹਾਂ ਗੁੱਸੇ ਹੋਏ ਨੌਜਵਾਨਾਂ ਨੂੰ ਸਮਝਾਉ ਕਿ ਉਹ ਵੀ ਬੇ-ਦੋਸ਼ਿਆਂ ਦੇ ਕਤਲ ਬੰਦ ਕਰਨ। ਸਵਾਮੀ ਵਾਮਦੇਵ ਨੇ ਆਖਿਆ।

**ਪ੍ਰੋ ਦਰਸ਼ਨ ਸਿੰਘ**—ਮੈਂ ਤਾ ਇਹ ਕਹਿੰਦਾ ਹਾਂ ਕਿ ਕੋਈ ਵੀ ਨਿਰਦੋਸ਼ਾਂ ਦਾ ਕਤਲ ਨਾ ਕਰੇ। ਕਿਸੇ ਪਾਸਿਉਂ ਵੀ ਬੇ-ਦੋਸ਼ੇ ਨਹੀਂ ਮਾਰੇ ਜਾਣੇ ਚਾਹੀਦੇ।

**ਸਵਾਮੀ ਮਿਤਰਾਨੰਦ**—ਇਹ ਗੱਲ ਠੀਕ ਹੈ ਕਿ ਹਾਲਾਤ ਸੁਧਾਰਨ ਲਈ ਇਹ ਜ਼ਰੂਰੀ ਹੈ ਕਿ ਅਸ਼ਾਂਤੀ ਪੈਦਾ ਕਰਨ ਵਾਲੇ ਕਾਰਨਾਂ ਨੂੰ ਸਮਾਪਤ ਕੀਤਾ ਜਾਵੇ। ਸਾਡੀ ਇਹ ਸ਼ੁਰੂ ਤੋਂ ਹੀ ਪੱਕੀ ਰਾਏ ਹੈ ਕਿ ਇਸ ਦਾ ਕਾਰਨ ਰਾਜਨੀਤੀ ਹੈ। ਉਸ ਵਿਚ ਸੁਧਾਰ ਲਿਆਂਦਾ ਜਾਵੇ। ਸਰਕਾਰ ਅਤੇ ਅੱਤਵਾਦੀਆਂ ਦੋਹਾਂ ਦੇ ਹੱਥੋਂ ਮਾਰੇ ਜਾਣ ਵਾਲੇ ਜਾਂ ਪ੍ਰੇਸ਼ਾਨ ਕੀਤੇ ਜਾਣ ਵਾਲੇ ਨਿਰਦੋਸ਼ ਵਿਅਕਤੀਆਂ ਨਾਲ ਸਾਡੀ ਸਾਰੇ ਸਾਧੂ ਮਹਾਤਮਾਂ ਦੀ ਹਮਦਰਦੀ ਹੈ। ਅਸੀਂ ਸਰਕਾਰ ਤੇ ਦਬਾਅ ਪਾਵਾਂਗੇ ਅਤੇ ਲੋਕਰਾਏ ਵੀ ਪੈਦਾ ਕਰਨ ਦਾ ਉਪਰਾਲਾ ਕਰਾਂਗੇ ਕਿ 'ਅੱਤਵਾਦ' ਦੀ ਅੱਗ ਵਿਚ ਸੜ ਰਹੀ ਜਨਤਾ ਨੂੰ ਰਾਹਤ ਪੁਚਾਉਣ ਲਈ ਗ੍ਰਿਫਤਾਰ ਸਿੱਖ ਨੌਜਵਾਨਾਂ ਨੂੰ ਰਿਹਾਅ ਕੀਤਾ ਜਾਏ ਅਤੇ ਉਨ੍ਹਾਂ ਨਾਲ ਗੱਲਬਾਤ ਕਰਨ ਦਾ ਰਾਹ ਪੱਧਰਾ ਕੀਤਾ ਜਾਏ।

ਅਜੀਤ, ੧੬, ੧੮ ਤੇ ੧੯ ਮਾਰਚ ੧੯੮੭ (ਚਲਦਾ)

www.AKJ.Org

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਵੈਸਾਖੀ ਸਮਾਗਮ

23-25 ਅਪ੍ਰੈਲ ਸ੍ਰੀ ਅਖੰਡਪਾਠ ਉਪਰੰਤ ਅਖੰਡ ਕੀਰਤਨ, 25 ਅਪ੍ਰੈਲ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸਿੰਚਾਰ ਹੇਠ ਲਿਖੇ ਅਸਥਾਨ ਤੇ ਹੋਏਗਾ—

ਗੁਰਦੁਆਰਾ ਸਾਹਿਬ, 96/100-ਨਿਊ ਸਟਰੀਟ, ਲਮਿੰਗਟਨ, ਸਪਾ (ਯੂ. ਕੇ.) ਸਾਊਥਹਾਲ ਤੋਂ ਸਪੇਸ਼ਲ ਵੈਗਨ ਚਲੇਗੀ।

ਪੁਛ ਗਿਛ ਗੁਰਦੁਆਰਾ ਫ਼ੋਨ : 0926—24297, ਭਾ: ਜਰਨੈਲ ਸਿੰਘ 0926—3008

## ਅਖੰਡ ਕੀਰਤਨੀ ਜਥਾ (ਚਲਦਾ ਵਹੀਰ ਇੰਟਰਨੈਸ਼ਨਲ) ਵਲੋਂ

ਸਿੰਘਾਪੁਰ, ਆਸਟਰੇਲੀਆ, ਫ਼ਿਜੀ, ਨਿਊਜ਼ੀਲੈਂਡ ਅਤੇ ਅਮਰੀਕਾ ਦੀ ਪਰਚਾਰ-ਯਾਤਰਾ—ਇਥੋਂ ਦੀਆਂ ਸੰਗਤਾਂ ਦੀ ਬੇਨਤੀ ਕਰਨ ਤੇ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਉਲੀਕੇ ਗਏ ਹਨ—

(1) 27 ਤੋਂ 31 ਮਾਰਚ ਸਿੰਘਾਪੁਰ ਵਿਖੇ ਗੁਰਮਤਿ ਪਰਚਾਰ। ਜਥੇ ਦਾ ਨਿਵਾਸ ਹੇਠ ਲਿਖੇ ਅਸਥਾਨ ਤੇ ਹੋਵੇਗਾ—
ਖਾਲਸਾ ਧਾਰਮਕ ਸਭਾ, 18-ਨਵੀਨ ਰੋਡ, ਸਿੰਘਾਪੁਰ-0922

(2) 31 ਮਾਰਚ ਤੋਂ 7 ਅਪ੍ਰੈਲ ਆਸਟਰੇਲੀਆ ਵਿਖੇ—ਸਿੰਘ ਸਭਾ ਗੁਰਦੁਆਰਾ, 14-16, ਦੀ ਰਿਵਰ ਰੋਡ, ਸਿਡਨੀ, N.S.W. 2122, ਅਟਸਟ੍ਰੇਲੀਆ। ਭਾਈ ਸੁਬੇਗ ਸਿੰਘ ਫ਼ੋਨ—02-776252

(3) 7 ਤੋਂ 21 ਅਪ੍ਰੈਲ ਨਿਊਜ਼ੀਲੈਂਡ ਵਿਖੇ—ਪੁਛ ਗਿਛ : ਭਾਈ ਜਸਬੀਰ ਸਿੰਘ ਕਾਲੀਕਟ,
11 Joeson Road, Otahuhu, AUCKLAND-6, New Zealand, Phone 0/68 508

(4) 21 ਤੋਂ 29 ਅਪ੍ਰੈਲ ਫ਼ਿਜੀ ਵਿਖੇ—ਪੁਛ ਗਿਛ ਭਾਈ ਨਿਰਮਲ ਸਿੰਘ, G.P.O. Box 150,
SUVA, Fiji ਫੋਨ 384051

(5) 29 ਅਪ੍ਰੈਲ ਤੋਂ 4 ਮਈ—ਲਾਸ ਐਂਜਲ (ਅਮਰੀਕਾ) ਵਿਖੇ—
ਪੁਛ ਗਿਛ—ਭਾਈ ਜੋਗਿੰਦਰ ਸਿੰਘ ਖਾਲਸਾ ਫੋਨ 0734-61891

ਸਮੁਚੀ ਪਰਚਾਰ ਯਾਤਰਾ ਬਾਰੇ ਵਧੇਰੇ ਜਾਣਕਾਰੀ ਲਈ ਭਾਈ ਰਾਜਿੰਦਰ ਸਿੰਘ ਡਡਲੀ ਫ਼ੋਨ 0384-237341

## ਚੰਡੀਗੜ੍ਹ ਗੁ: ਅਕਾਲਗੜ੍ਹ ਨਾਨਕ ਦਰਬਾਰ (ਸੈਕਟਰ ੩੫) ਵਿਖੇ ਰੈਣ ਸਬਾਈ ਕੀਰਤਨ

੪ ਅਪ੍ਰੈਲ ਸ਼ਨੀਵਾਰ ਰਾਤ ਨੂੰ ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਕੀਰਤਨ ਵਿਚ ਰੰਗ ਮਾਣੋ। ਮੋਗੇ ਭਾਈ ਨਿਧਾਨ ਸਿੰਘ ਜੀ ਦੇ ਗ੍ਰਹਿ ਤੋਂ ੪ ਅਪ੍ਰੈਲ ਦੁਪਹਿਰ ਨੂੰ ਟਰੱਕ ਸੰਗਤਾਂ ਨੂੰ ਲਿਜਾਣ ਲਈ ਰਵਾਨਾ ਹੋਣਗੇ।

## ਮੁਕਤਸਰ ਵਿਖੇ ੧੭ ਅਪ੍ਰੈਲ ਸ਼ੁਕਰਵਾਰ ਨੂੰ ਪਾਠ ਦਾ ਭੋਗ ਤੇ ਦੁਪਹਿਰ ਤਕ ਕੀਰਤਨ

ਭਾ:ਬੰਤਾਸਿੰਘ ਜੀ ਦੀ ਯਾਦ ਵਿਚ ਉਨ੍ਹਾਂ ਦੇ ਗ੍ਰਹਿ ਨੰ: ੪੫੫੧ ਨੇੜੇ ਸੇਤੀਆ ਆਇਲ ਸਟੋਰ ਵਿਖੇ ਸਮਾਗਮ ਤੇ ਦਰਸ਼ਨ ਦਿਓ

## ਯਮੁਨਾ ਨਗਰ (੧੨੬/੨੨-ਚਾਂਦਪੁਰੀ ਕ੍ਰਿਸ਼ਨ ਕਾਲੋਨੀ, ਸਾਹਮਣੇ I.T.I.)ਵਿਖੇ ਰੈਣ ਸਬਾਈ ਕੀਰਤਨ

ਦਾਸ ਦੇ ਗ੍ਰਹਿ ਵਿਖੇ ੨ ਮਈ ਸ਼ਨੀਵਾਰ ਰਾਤ ਦੇ ਕੀਰਤਨ ਵਿਚ ਦਰਸ਼ਨ ਬਖਸ਼ੋ ਜੀ। ਦਾਸ ਕੁਲਵੰਤ ਸਿੰਘ

## ਮੋਹਾਲੀ ਫ਼ੇਜ਼ ੮ (ਨੇੜੇ ਯਾਦਵਿੰਦਰਾ ਪਬਲਿਕ ਸਕੂਲ) ਵਿਖੇ ਰੈਣ ਸਬਾਈ ਕੀਰਤਨ

੧੮ ਅਪ੍ਰੈਲ ਸ਼ਨੀਵਾਰ ਰਾਤ ਨੂੰ ਗੁਰਦਵਾਰਾ ਧੰਨਾ ਵਿਖੇ ਕੀਰਤਨ ਵਿਚ ਆਇ ਦੀਦਾਰ ਬਖਸ਼ੋ ਜੀ।

## ਬਸੀ ਪਠਾਣਾਂ ਸ੍ਰੀ ਲਾਲ ਗੁਰਦਵਾਰਾ ਸਾਹਿਬ, ਧੋਬੀ ਮਹੱਲਾ ਵਿਖੇ ਰੈਣ ਸਬਾਈ ਕੀਰਤਨ

੧ ਮਈ ਸ਼ੁਕਰਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਆਇ ਦੀਦਾਰ ਬਖਸ਼ੋ ਜੀ।

## ਪਿੰਡ ਭਠੀਆਂ ਕਾਹਨੂੰਵਾਨ (ਗੁਰਦਾਸਪੁਰ) ਵਿਖੇ ਸ਼ਹੀਦ ਹਰਭਜਨ ਸਿੰਘ ਦੀ ਯਾਦ ਵਿਚ ਸਮਾਗਮ

੭ ਅਪ੍ਰੈਲ ਮੰਗਲਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ ਵਿਚ ਆਇ ਜੁੜੋ ਜੀ।

www.AKJ.Org

# ਹੁਸ਼ਿਆਰਪੁਰ ਵਿਖੇ ਸ਼ਹੀਦੀ ਪੁਰਬ ਸਾਲਾਨਾ ਸਮਾਗਮ

**੨੭ ਮਈ ਬੁਧਵਾਰ ਤੋਂ ੧ ਜੂਨ ੧੯੮੭ ਸੋਮਵਾਰ ਸਵੇਰ ਤਕ–ਵੇਰਵਾ ਆਉਂਦੇ 'ਸੂਰਾ' ਵਿਚ**

# ਵੈਸਾਖੀ ਅਖੰਡ ਕੀਰਤਨ ਸਮਾਗਮ ਸ੍ਰੀ ਅੰਮ੍ਰਿਤਸਰ ਵਿਖੇ

## ੧੨ ਅਪ੍ਰੈਲ ਐਤਵਾਰ ਸਵੇਰੇ ਤੋਂ ੧੫ ਅਪ੍ਰੈਲ ੧੯੮੭ ਬੁਧਵਾਰ ਸਵੇਰ ਤਕ

ਸ਼ਹੀਦਾਂ ਦੀ ਯਾਦ ਵਿਚ ਖਾਲਸਾ ਜੀ ਦਾ ਜਨਮ ਮਨਾਣ, ਨਾਮ-ਬਾਣੀ ਤੇ ਕੀਰਤਨ ਨਾਲ ਜੁੜਨ, ਅੰਮ੍ਰਿਤ-ਸਰੋਵਰ ਦੇ ਇਸ਼ਨਾਨ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰਿਆਂ ਲਈ ਆਇ ਦੀਦਾਰ ਬਖਸ਼ੋ ਜੀ । ਪ੍ਰੋਗਰਾਮ ਇਉਂ ਹੈ—

| | |
|---|---|
| ੧੧-੪-੮੭ ਸ਼ਨੀਵਾਰ ਸਵੇਰੇ, ਸ੍ਰੀ ਅਖੰਡਪਾਠ ਭੋਗ ਤੇ ਅਰਦਾਸ ਅਰੰਭਕ ਸਮਾਗਮ ਵੈਸਾਖੀ, | ੧੯੫ ਅਜੀਤ ਨਗਰ |
| ੧੨-੪-੮੭ ਸਵੇਰੇ ੫ ਤੋਂ ੧੨ ਆਸਾ ਦੀ ਵਾਰ ਤੇ ਅਖੰਡ ਕੀਰਤਨ | ਗੁਰਦਵਾਰਾ ਸ੍ਰੀ ਬਿਬੇਕਸਰ |
| ਸ਼ਾਮ ੫-੩੦ ਤੋਂ ੮-੩੦ ਸੋਦਰ ਦੀ ਚੌਕੀ | ਸ਼ਹੀਦੀ ਅਸਥਾਨ (ਨੇੜੇ ਬੀ ਬਲਾਕ ਕੁਆਟਰਜ਼) |
| ੧੩-੪-੮੭ ਸਵੇਰੇ ੨॥ ਤੋਂ ੩॥ ਚੌਕੀ ਤ੍ਰਿਪਹਿਰਾ ਭਾ: ਨਿਰੰਜਨ ਸਿੰਘ ਜੀ ਗੁਰਦਾਸਪੁਰ | ਸ੍ਰੀ ਹਰਿਮੰਦਰ ਸਾਹਿਬ ਵਿਖੇ |
| ੩-੩੦ ਤੋਂ ੬-੩੦ ਆਸਾ ਦੀ ਵਾਰ ਭਾ: ਮਿਹਰ ਸਿੰਘ ਜੀ ਦਿਲੀ | ,, ,, ,, |
| ੬-੪੫ ਤੋਂ ੭-੫੦ ਬਿਲਾਵਲ ਦੀ ਚੌਕੀ ਭਾ: ਜੋਗਿੰਦਰ ਸਿੰਘ ਜੀ ਤਲਵਾੜਾ | ,, ,, ,, |
| ੭-੫੦ ਤੋਂ ੮-੫੫ ਬਾਅਦਲੀ ਚੌਕੀ ਭਾ: ਦਲਜਿੰਦਰ ਸਿੰਘ ਜੀ ਪਟਿਆਲਾ | ,, ,, ,, |
| ਸ਼ਾਮ ੫ ਤੋਂ ੮-੩੦ ਸੋਦਰ ਦੀ ਚੌਕੀ | ਗੁਰਦਆਰਾ ਪਿਪਲੀ ਸਾਹਿਬ (ਪੁਤਲੀ ਘਰ) |
| ੧੪-੪-੮੭ ਸਵੇਰੇ ੫ ਤੋਂ ੧ ਵਜੇ ਦੁਪਹਿਰ ਤਕ ਆਸਾ ਦੀ ਵਾਰ ਤੇ ਅਖੰਡ ਕੀਰਤਨ | ਗੁਰਦੁਆਰਾ ਸ੍ਰੀ ਬਿਬੇਕਸਰ |
| ਸ਼ਾਮ ੬ ਵਜੇ ਅੰਮ੍ਰਿਤ ਸੰਚਾਰ ਅਰੰਭ | ,, ,, |
| ਸ਼ਾਮ ੭ ਵਜੇ ਸੋਦਰ ਤੇ ਉਪਰੰਤ ਰੈਣ ਸਬਾਈ ਕੀਰਤਨ ਅਰੰਭ | ,, ,, |
| ੧੫-੪-੮੭ ਸਵੇਰੇ ੫ ਵਜੇ ਸਮੁੱਚੀ ਸਮਾਪਤੀ | |

ਨੋਟ—(੧) ਲੋੜ ਪੈਣ ਤੇ ਪ੍ਰੋਗਰਾਮ ਵਿਚ ਤਬਦੀਲੀ ਹੋ ਸਕਦੀ ਹੈ । (੨) ਲੋੜ ਮੂਜਬ ਬਿਸਤਰੇ ਆਪਣੇ ਨਾਲ ਲਿਆਓ ਜੀ । (੩) ਰਿਹਾਇਸ਼ ਗੁਰੂ ਰਾਮਦਾਸ ਖਾਲਸਾ ਹਾਇਰ ਸੈਕੰਡਰੀ ਸਕੂਲ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ ਵਿਖੇ ਹੋਵੇਗੀ ।

ਪੁਛ ਗਿਛ—'ਸੂਰਾ', ਮਾਈ ਸੇਵਾਂ, ਅੰਮ੍ਰਿਤਸਰ, ਫੋਨ : 51847 ਦਾਸਰੇ—ਅਖੰਡ ਕੀਰਤਨੀ ਜਥਾ, ਸ੍ਰੀ ਅੰਮ੍ਰਿਤਸਰ

## ਭੁੰਗਰਨੀ (ਹੁਸ਼ਿਆਰਪੁਰ) ਵਿਖੇ ਸ਼ਹੀਦ ਪਿਆਰਾ ਸਿੰਘ ਦੀ ਯਾਦ ਵਿਚ ਕੀਰਤਨ ਸਮਾਗਮ

੧੯ ਅਪ੍ਰੈਲ ਐਤਵਾਰ ਸਵੇਰੇ ੮ ਤੋਂ ੧੨ ਤਕ ਸ਼ਹੀਦ ਨਮਿਤ ਅਖੰਡ ਕੀਰਤਨ ਵਿਚ ਆਇ ਜੁੜੋ ਜੀ ।

## ਪਿੰਡ ਪੱਜੋ ਦਿਉਤਾ (ਬਲੋਵਾਲ ਭੋਗਪੁਰ ਰੋਡ) ਜ਼ਿਲਾ ਹੁਸ਼ਿਆਰਪੁਰ ਵਿਖੇ ਰੈਣ ਸਬਾਈ ਕੀਰਤਨ

ਭਾਈ ਗੁਰਚਰਨ ਸਿੰਘ ਖਾਲਸਾ ਦੇ ਗ੍ਰਿਹਿ ਵਿਖੇ ੧੧ ਅਪ੍ਰੈਲ ਸ਼ਨੀਵਾਰ ਰਾਤ ਨੂੰ ਕੀਰਤਨ ਵਿਚ ਆਇ ਜੁੜੋ ਜੀ ।

## ਦਸਹਾ (ਹੁਸ਼ਿਆਰਪੁਰ) ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ

ਭਾਈ ਪ੍ਰੀਤਮ ਸਿੰਘ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਸਪੁਤਰ ਸ਼ਹੀਦ ਕਾਕਾ ਇੰਦਰਜੀਤ ਸਿੰਘ ਦੀ ਸਾਲਾਨਾ ਯਾਦ ਵਿਚ ੫ ਅਪ੍ਰੈਲ ਐਤਵਾਰ ਸਵੇਰੇ ਅਖੰਡਪਾਠ ਦੇ ਭੋਗ ਉਪਰੰਤ ੧੧ ਵਜੇ ਤਕ ਅਖੰਡ ਕੀਰਤਨ ਵਿਚ ਆਇ ਜੁੜੋ ਜੀ ।

## ਅਖੰਡ ਕੀਰਤਨੀ ਜਥਾ ਮੋਗਾ ਵਲੋਂ ਦੋ ਪਰੋਗਰਾਮ

(੧) ੧੨ ਅਪ੍ਰੈਲ ਐਤਵਾਰ ਸਵੇਰੇ ੭ ਤੋਂ ੧੧ ਅਖੰਡ ਕੀਰਤਨ ਭਾਈ ਗੁਰਬਖਸ਼ ਸਿੰਘ ਦੇ ਗ੍ਰਿਹਿ ਸੈਂਟਰਲ ਕੋਆਪਰੇਟਿਵ ਬੈਂਕ (ਫੀਰੋਜ਼ਪੁਰ ਜੀ. ਟੀ. ਰੋਡ) ਮੋਗਾ ।

(੨)੧੯ ਅਪ੍ਰੈਲ ਐਤਵਾਰ ਸਵੇਰੇ ੭ ਤੋਂ ੧੧ ਅਖੰਡ ਕੀਰਤਨ ਮਾ: ਸਰੂਪ ਸਿੰਘ,ਮਕਾਨ ੨੭੨ ਵਿਖੇ,ਅਗਵਾੜ ਦਿਲੇ, ਪੁਰਾਣਾ ਮੋਗਾ

## ਮੰਡੀ ਗੋਬਿੰਦਗੜ੍ਹ (ਗੁਰਦੁਆਰਾ ਮੰਜੀ ਸਾਹਿਬ) ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾ: ਸਤਵੰਤ ਸਿੰਘ ਰਾਮਪੁਰ ਸੂਚਨਾ ਦੇਂਦੇ ਹਨ ਕਿ ੧੮ ਅਪ੍ਰੈਲ ਸ਼ਨੀਵਾਰ ਰਾਤ ਨੂੰ ਕੀਰਤਨ ਵਿਚ ਆਇ ਜੁੜੋ ਜੀ ।

'ਸੂਰਾ' ਮੰਥਲੀ ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org